# ਦੇਸ਼ ਦੁਆਬਾ

VOL -2 ISSUE - 7
July 01-15, 2013
www.deshdoaba.com
www.ambedkartimes.com




ਕਸ਼ਮੀਰ ਸਿੰਘ ਹੀਰਾ

ਇੰਡੀਆ ਮਾਰਕੀਟ ਦੀ ਨਵੀਂ ਲੁਕੇਸ਼ਨ ਜਲਦੀ ਹੀ ਖੁੱਲ੍ਹਣ ਜਾ ਰਹੀ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ

916-338-5511



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 510-219-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਵੱਲੋਂ ਪਹਿਲਾ ਨਗਰ ਕੀਰਤਨ ਸੰਪੰਨ




Photo By : Titu 917-692-4791

ਸਬੰਧਤ ਖਬਰ ਸਫਾ 15 ਉਤੇ ਪੜ੍ਹੋ

## ਹੁਣ ਜੇਲ੍ਹ 'ਚ ਬੈਠ ਕੇ ਨਹੀਂ ਲੜ ਸਕੇਗਾ ਕੋਈ ਚੋਣ

ਨਵੀਂ ਦਿੱਲੀ- ਦੇਸ਼ ਦੀ ਸਰਵ ਉਚ ਅਦਾਲਤ ਸੁਪਰੀਮ ਕੋਰਟ ਨੇ ਹੁਕਮ ਜਾਰੀ ਕਰਦਿਆ ਕਿਹਾ ਹੈ ਕਿ ਕੋਈ ਵੀ ਵਿਅਕਤੀ ਜੇਲ੍ਹ 'ਚੋਂ ਚੋਣ ਨਹੀਂ ਲੜ ਸਕੇਗਾ। ਇਸ ਦਾ ਅਰਥ ਇਹ ਹੋਇਆ ਕਿ ਕੋਈ ਵੀ ਵਿਅਕਤੀ ਜੇਕਰ ਪੁਲਿਸ ਹਿਰਾਸਤ, ਨਿਆਯਕ ਹਿਰਾਸਤ ਜਾਂ ਜੇਲ੍ਹ ਵਿੱਚ ਹੋਵੇਗਾ ਤਾਂ ਉਹ ਚੋਣ ਨਹੀਂ ਲੜ ਸਕੇਗਾ। ਇਸ ਤੋਂ ਇਲਾਵਾ ਇਹ ਵੀ ਸੱਪਸ਼ਟ ਕਰ ਦਿੱਤਾ ਹੈ ਕਿ ਵਿਚਾਰ ਅਧੀਨ ਕੈਦੀ ਵੀ ਜੇਲ੍ਹ 'ਚੋਂ ਚੋਣ ਨਹੀਂ ਲੜ ਸਕਨਗੇ। ਪਟਨਾ ਹਾਈਕੋਰਟ ਨੇ ਸਾਲ 2004 ਵਿੱਚ ਚੋਣ ਕਮਿਸ਼ਨਰ ਨੂੰ ਜੇਲ੍ਹ 'ਚ ਬੰਦ ਲੋਕਾਂ ਦੇ ਨਾਮ ਵੋਟਰ ਸੂਚੀਆਂ ਵਿੱਚੋਂ ਕੱਟਣ ਦੇ ਹੁਕਮ ਦਿੱਤੇ ਹਨ ਅਤੇ ਸੁਪਰੀਮ ਕੋਰਟ ਨੇ ਉਸ ਵਕਤ ਇਸ ਫੈਸਲੇ 'ਤੇ ਰੋਕ ਦਾ ਹੁਕਮ ਜਾਰੀ ਕੀਤਾ ਸੀ ਹੁਣ ਸੁਪਰੀਮ ਕੋਰਟ ਨੇ ਪਟਨਾ ਹਾਈਕੋਰਟ ਦੇ ਇਸ ਫੈਸਲੇ ਦੀ ਪੁਸ਼ਟੀ ਕਰ ਦਿੱਤੀ ਹੈ। ਇਸ ਫੈਸਲੇ ਵਿੱਚ ਇੱਕ ਹੋਰ ਗੱਲ ਕਹੀ ਗਈ ਹੈ ਕਿ ਜੇ ਕਿਸੇ ਨੂੰ ਵੀ ਇਹਤਿਆਤਨ ਹਿਰਾਸਤ ਵਿੱਚ ਲਿਆ ਗਿਆ ਹੈ ਤਾਂ ਉਸ 'ਤੇ ਇਹ ਫੈਸਲਾ ਲਾਗੂ ਨਹੀਂ ਹੋਵੇਗਾ।



ਇੱਥੇ ਦੱਸਣਯੋਗ ਹੈ ਕਿ ਬੀਤੀ ਕੱਲ ਸੁਪਰੀਮ ਕੋਰਟ ਨੇ ਇੱਕ ਬੇਹੱਦ ਅਹਿਮ ਫੈਸਲਾ ਸੁਣਾਉਂਦਿਆ ਸਪੱਸ਼ਟ ਕੀਤਾ ਸੀ ਕਿ ਜੇਕਰ ਕਿਸੇ ਐਮ.ਪੀ ਜਾਂ ਵਿਧਾਇਕ ਨੂੰ ਦੋ ਸਾਲ ਜਾਂ ਇਸ ਤੋਂ ਜਿਆਦਾ ਸਜ਼ਾ ਸੁਣਾਈ ਜਾਂਦੀ ਹੈ ਤਾਂ ਉਸਦੀ ਕੁਰਸੀ ਤੁਰੰਤ ਖੁਸ ਜਾਵੇਗੀ ਅਤੇ ਉਸ ਦੀ ਪਾਰਲੀਮੈਂਟ ਜਾਂ ਵਿਧਾਨ ਸਭਾ ਦੀ ਮੈਂਬਰਸ਼ਿੱਪ ਵੀ ਤੁਰੰਤ ਖ਼ਤਮ ਹੋ ਜਾਵੇਗੀ। ਹੁਣ ਕਿਸੇ ਵੀ ਐਮ.ਪੀ ਜਾਂ ਵਿਧਾਇਕ ਨੂੰ ਉਪਰਲੀ ਅਦਾਲਤ ਵਿੱਚ ਅਪੀਲ ਕਰਨ ਦੇ ਨਾਮ 'ਤੇ ਰਾਹਤ ਨਹੀਂ ਮਿਲੇਗੀ। ਇਹ ਫੈਸਲਾ ਕੱਲ ਤੋਂ ਹੀ ਲਾਗੂ ਹੋਵੇਗਾ।

## ਵਿਗੋਚਾ- ਪੁੱਤ ਵਿਛੜਨ 'ਚ ਗਮਗੀਨ ਹੈ ਸਰਪੰਚ ਜਸਵੀਰ ਕੌਰ

ਬਹਿਰਾਮ (ਸੁਰਜੀਤ ਮਜਾਰੀ)- ਪਿੰਡ ਦੀ ਸਰਪੰਚੀ ਦੇ ਕਾਗਜ਼ ਭਰਨ ਵੇਲੇ ਜਸਵੀਰ ਕੌਰ ਨੂੰ ਰੱਤੀ ਭਰ ਵੀ ਖਿਆਲ ਨਹੀਂ ਸੀ ਕਿ ਜਿਹੜਾ ਪੁੱਤਰ ਉਸ ਦੀ ਪ੍ਰਚਾਰ ਮੁਹਿੰਮ ਲਈ ਐਨੀ ਨੱਠ-ਭੱਜ ਕਰ ਰਿਹਾ ਹੈ, ਉਹ ਚੋਣ ਜਿੱਤਣ ਤੀਕਰ ਸਦਾ ਲਈ ਅਲਵਿਦਾ ਆਖ ਜਾਵੇਗਾ। ਚੋਣ ਤੋਂ ਚਾਰ ਕੁ ਦਿਨ ਪਹਿਲਾਂ ਬੰਗਿਆਂ ਨੇੜਲੇ ਪਿੰਡ ਭਰੋਮਜਾਰਾ 'ਚ ਅਜਿਹਾ ਦੁਖਾਂਤ ਵਾਪਰਿਆ ਕਿ ਅਠਾਰਾਂ ਸਾਲ ਦੇ ਜੁਆਨ ਪ੍ਰਭਜੋਤ ਸਿੰਘ ਦੀ ਮੌਤ ਨਾਲ ਘਰ ਸੁੰਨਾ ਹੋ ਗਿਆ। ਪਿੰਡ ਵਿਚ ਸਭ ਉਸ ਨੂੰ 'ਲਾਡੀ' ਕਹਿ ਕੇ ਬੁਲਾਉਂਦੇ ਸੀ। ਪ੍ਰਭਜੋਤ ਨੇ ਆਪਣੀ ਵੋਟ ਪਹਿਲੀ ਵਾਰ ਪਾਉਣੀ ਸੀ ਤੇ ਉਸਨੇ ਆਪਣੀ ਮਾਂ ਨੂੰ ਆਖਿਆ, 'ਮੰਮੀ ਚੋਣਾਂ ਵਾਲੇ ਦਿਨ ਮੈਂ ਸਭ ਤੋਂ ਪਹਿਲੀ ਵੋਟ ਤੁਹਾਨੂੰ ਪਾਉਣੀ ਆ।' ਵੋਟਾਂ ਵਾਲਾ ਦਿਨ ਵੀ ਲੰਘ ਗਿਆ, ਨਤੀਜਾ ਵੀ ਆ ਚੁੱਕਾ ਹੈ ਤੇ ਜਸਵੀਰ ਹੋਰਾਂ ਸਰਪੰਚ ਵੀ ਬਣ ਚੁੱਕੀ ਹੈ.. ਪਰ ਪ੍ਰਭਜੋਤ ਸਿੰਘ ਨੂੰ ਇਹ ਸਭ ਕੁਝ ਦੇਖਣਾ/ਮਾਨਣਾ ਨਸੀਬ ਨਹੀਂ ਹੋਇਆ। ਦੂਜੇ ਪਾਸੇ ਮਾਂ ਜਸਵੀਰ ਕੌਰ ਦੀਆਂ ਨਮ ਅੱਖਾਂ, ਉਦਾਸ ਚਿਹਰਾ, ਭਾਵੁਕ ਬੋਲਾਂ ਵਾਲਾ ਦੁੱਖਦਾਈ ਮਾਹੌਲ ਇਸ ਸਦਮੇ ਨੂੰ ਥੰਮਣ ਨਹੀਂ ਦੇ ਰਿਹਾ। ਵਿਛੜੇ ਪੁੱਤ ਦੇ ਪਿਤਾ ਸਮਾਜ ਸੇਵੀ ਰਾਮ ਸਿੰਘ ਭਰੋਮਜਾਰਾ ਤੋਂ ਵੀ ਉਸ ਨੂੰ ਧੀਰਜਾ ਬੰਨਾਉਂਦਿਆਂ ਆਪਣੇ ਅੱਥਰੂ ਨਹੀਂ ਰੁਕਦੇ। ਦਾਦਾ ਗਿਆਨ ਸਿੰਘ ਤੇ ਦਾਦੀ ਨੂੰ ਤਾਂ ਇਸ ਦੁਖਾਂਤ ਨੇ ਐਨਾ ਝੰਜੋੜਿਆ ਕਿ ਬਿਰਧ ਵਰੇਸੇ ਉਹਨਾਂ ਦੇ ਹੱਥਾਂ ਵਿਚ ਖੇਡ ਕੇ ਜੁਆਨ ਹੋਇਆ ਪੋਤਾ ਅੱਖਾਂ ਤੋਂ ਪਰ੍ਹੇ ਨਹੀਂ ਹੋ

(ਬਾਕੀ ਸਫਾ 5 ਤੇ)


ਪ੍ਰਭਜੋਤ ਦੀ ਤਸਵੀਰ ਨਾਲ ਸਰਪੰਚ ਜਸਵੀਰ ਕੌਰ (ਫੋਟੋ- ਸੁਰਜੀਤ ਮਜਾਰੀ)

## ਫਰੀਮਾਂਟ ਦੇ ਮੇਅਰ ਬਿਲ ਹੈਰਿਸਨ ਦੇ ਘਰ ਵਿਖੇ ਬੀਤੀ 4 ਜੁਲਾਈ ਨੂੰ ਆਜ਼ਾਦੀ ਦਿਹਾੜਾ ਮਨਾਇਆ ਗਿਆ


ਤਸਵੀਰ ਵਿਚ ਖੱਬੇ ਤੋਂ ਸੱਜੇ ਖੜ੍ਹੇ ਦਿਖਾਈ ਦੇ ਰਹੇ ਹਨ ਜਗਦੇਵ ਰਾਮ, ਮੇਅਰ ਬਿਲ ਹੈਰਿਸਨ, ਜੈਮੀ ਜੋਨਸ ਅਤੇ ਅਜੈਪਾਲ ਰਾਮ


ਫਰੀਮਾਂਟ ਸਿਟੀ ਕੌਂਸਲਮੈਨ ਰਾਜ ਸਲਵਾਨ ਅਤੇ ਨਿਊਆਰਕ ਸਿਟੀ ਪਲਾਨਿੰਗ ਕਮਿਸ਼ਨਰ ਗੈਰੀ ਸਿੰਘ ਨਾਲ ਜਗਦੇਵ ਰਾਮ ਤੇ ਅਜੈਪਾਲ ਰਾਮ


ਜੋਇ ਜੌਹਲ ਅਤੇ ਕੌਂਸਲਮੈਨ ਸਲਵਾਨ ਨਾਲ ਸ੍ਰੀ ਰਾਮ ਪਰਿਵਾਰ



RAMESH SUMAN
Broker Realtor
RCS-D™

MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

Amrik Chand (CPA)
Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for
Professional & reliable
services at reasonable rates.

905 Corporate Way, Fremont, CA. 94539

SAROAY INVESTMENT REALTY
39039 Paseo Padre Parkway
Suite # 205
Fremont, CA 94538
Office: (510) 742-8120
Fax: (510) 742-8121
ramsaroay@hotmail.com


Ram Saroay
Broker

# ਦੇਸ਼ ਵਾਸੀਆ ਨੂੰ ਬਾਬੂ ਜਗਜੀਵਨ ਰਾਮ ਦੁਆਰਾ ਦਰਸਾਏ ਮਾਰਗ ਉੱਪਰ ਚੱਲਣ ਚਾਹੀਦਾ ਹੈ - ਸੂਦ

## ਸਮਾਗਮ ਮੌਕੇ ਸਿਲਾਈ ਮਸ਼ੀਨਾਂ ਵੰਡੀਆਂ ਅਤੇ ਮੁਫਤ ਮੈਡੀਕਲ ਕੈਂਪ ਲਗਾਇਆ

ਫਗਵਾੜਾ 11 ਜੁਲਾਈ ( ਬੀ. ਕੇ. ਰੱਤੂ ) ਇਤਿਹਾਸਿਕ ਦੇਹਰਾ ਸ਼੍ਰੀ ਗੁਰੂ ਰਵਿਦਾਸ ਮੰਦਿਰ ਚੱਕ ਹਕੀਮ ਵਿਖੇ ਬਾਬੂ ਜਗਜੀਵਨ ਰਾਮ ਸੇਵਾ ਸਮਾਜ ਸੰਮਤੀ ਪੰਜਾਬ ਵੱਲੋਂ ਪ੍ਰਧਾਨ ਮੋਹਨ ਲਾਲ ਸੂਦ ਨਿਗਰਾਨ ਇੰਜੀਨੀਅਰ (ਸੇਵਾ-ਮੁਕਤ) ਦੀ ਅਗਵਾਈ ਅਤੇ ਗੱਦੀ ਨਸ਼ੀਨ ਸੰਤ ਪ੍ਰਸ਼ੋਤਮ ਲਾਲ ਦੀ ਸਰਪ੍ਰਸਤੀ ਹੇਠ ਬਾਬੂ ਜਗਜੀਵਨ ਰਾਮ ਦਾ 27 ਵਾਂ ਰਾਜ ਪੱਧਰੀ ਬਰਸੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਵੱਖ ਵੱਖ ਡੇਰਿਆ ਤੋਂ ਸੰਤਾਂ ਮਹਾਂਪੁਰਸ਼ਾਂ ਨੇ ਪਹੁੰਚ ਕੇ ਬਾਬੂ ਜੀ ਦੀ ਤਸਵੀਰ ਅੱਗੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਜਿਸ ਤੋਂ ਬਾਅਦ ਲਗਾਏ ਗਏ ਮੁਫਤ ਮੈਡੀਕਲ ਕੈਂਪ ਦਾ ਉਦਘਾਟਨ ਦੇਹਰੇ ਦੇ ਗੱਦੀ ਨਸ਼ੀਨ ਸੰਤ ਪ੍ਰਸ਼ੋਤਮ ਲਾਲ ਜੀ ਨੇ ਆਪਣੇ ਕਰ ਕਮਲਾਂ ਨਾਲ ਕੀਤਾ ਜਿਸ ਵਿੱਚ ਡਾ: ਐਸ ਪੀ ਸੁਮਨ, ਡਾ: ਦੇਸ ਰਾਜ ਕਲਸੀ, ਡਾ ਰਜੀਵ ਅਤੇ ਡਾ: ਗੁਰਮੁਖ ਸਿੰਘ ਨੇ ਵੱਡੀ ਗਿਣਤੀ ਵਿੱਚ ਮਰੀਜ਼ਾਂ ਦਾ ਮੁਆਇਨਾ ਕੀਤਾ। ਸਮਾਗਮ ਦੌਰਾਨ ਸੰਸਥਾ ਵਲੋਂ ਗਰੀਬ ਵਰਗ ਦੀਆਂ ਲੋੜਵੰਦ ਲੜਕੀਆ ਨੂੰ ਕਿੱਤਾ ਮੁਖੀ ਬਣਾਉਣ ਲਈ ਮੁਫਤ ਸਿਲਾਈ ਮਸ਼ੀਨਾਂ ਮੁਹੱਈਆ ਕਰਵਾਈਆਂ ਗਈਆਂ ਅਤੇ ਇਸ ਤੋਂ ਇਲਾਵਾ ਲੋੜਵੰਦ ਗਰੀਬ ਔਰਤਾਂ ਨੂੰ ਨਗਦ ਮਾਇਕ ਸਹਾਇਤਾ ਵੀ ਦਿੱਤੀ ਗਈ। ਇਸ ਮੌਕੇ ਸ੍ਰੀ ਮੋਹਨ ਲਾਲ ਸੂਦ ਨੇ ਦੱਸਿਆ ਕਿ ਬਾਬੂ ਜਗਜੀਵਨ ਰਾਮ ਨਾ ਸਿਰਫ ਦਲਿਤਾਂ ਬਲਕਿ ਪੂਰੇ ਦੇਸ਼ ਦੇ ਆਗੂ ਸਨ ਪਰੰਤੂ ਕੁਝ ਲੋਕ ਉਹਨਾਂ ਨੂੰ ਦਲਿਤ ਆਗੂ ਦੱਸਕੇ ਉਹਨਾਂ ਦੇ ਕੱਦ ਨੂੰ ਛੋਟਾ ਕਰਦੇ ਹਨ। ਉਹਨਾਂ ਸਮੂਹ ਦੇਸ਼ ਵਾਸੀਆ ਨੂੰ ਬਾਬੂ ਜਗਜੀਵਨ ਰਾਮ ਦੁਆਰਾ ਦਰਸਾਏ ਮਾਰਗ ਉੱਪਰ ਚੱਲਣ ਲਈ ਪ੍ਰੇਰਿਆ। ਇਸ ਮੌਕੇ ਸੰਸਥਾ ਵੱਲੋਂ ਮੈਡੀਕਲ ਕੈਂਪ ਵਿੱਚ ਸਹਿਯੋਗ ਦੇਣ ਵਾਲੇ ਡਾਕਟਰਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਆ ਗਿਆ।



ਇਸ ਮੌਕੇ ਸੰਤ ਪ੍ਰਸ਼ੋਤਮ ਦਾਸ ਨੇ ਸੰਸਥਾ ਵੱਲੋਂ ਕਰਵਾਏ ਗਏ ਬਰਸੀ ਸਮਾਗਮ ਦੀ ਸ਼ਲਾਘਾ ਕਰਦਿਆ ਆਸ ਪ੍ਰਗਟਾਈ ਕਿ ਸੰਸਥਾ ਵਲੋਂ ਭਵਿੱਖ ਵਿੱਚ ਵੀ ਇਹੋ ਜਿਹੇ ਨੇਕ ਉਪਰਾਲੇ ਜਾਰੀ ਰਹਿਣਗੇ।

ਬਰਸੀ ਸਮਾਗਮ ਮੌਕੇ ਸੰਤ ਜਸਵੰਤ ਦਾਸ ਰਾਵਲਪਿੰਡੀ, ਸੰਤ ਟਹਿਲ ਨਾਥ, ਗਿਆਨ ਚੰਦ ਪ੍ਰਧਾਨ ਸਮਾਜ ਬਚਾਓ ਮੋਰਚਾ ਪੰਜਾਬ, ਸੰਤ ਲਾਲ ਦਾਸ, ਸੰਤ ਸਤਵਿਦਰ ਜੀਤ, ਸਰਪੰਚ ਹਰਮੇਲ ਚੰਦ ਚੱਕ ਹਕੀਮ, ਵਿਜੈ ਕੁਮਾਰ,ਸਾਬਕਾ ਪੰਚ, ਬਲਾਕ ਕਾਂਗਰਸ ਫਗਵਾੜਾ ਦੇ ਸ਼ਹਿਰੀ ਪ੍ਰਧਾਨ ਗੁਰਜੀਤ ਵਾਲੀਆ ਗੁਰਦੀਪ ਗਰੇਵਾਲ, ਰਾਮ ਸਾਪਲਾ, ਜਗਨਾਥ ਕੈਲੇ, ਸੁਖਦੇਵ ਪੰਚ ਸੁਨੰੜਾ, ਹੇਮਰਾਜ ਸਾਹਨੀ, ਇੰਜੀਨੀਅਰ ਸੁਖਦੇਵ ਸਿੰਘ, ਸ੍ਰੀ ਦੇਵ ਰਾਜ ਅਤੇ ਐੱਸ.ਪੀ.ਸੁਮਨ ਐਮ.ਡੀ, ਡਾ.ਰਾਜੀਵ, ਡਾ.ਦੇਸ ਰਾਜ ਕਲਸੀ, ਡਾ. ਗੁਰਮੁੱਖ ਸਿੰਘ ਤੋਂ ਇਲਾਵਾ ਹੋਰ ਮੈਂਬਰ ਮੌਜੂਦ ਸਨ।



**ਜਰਨੈਲ ਸਿੰਘ ਲਾਖਾ ਅਤੇ ਜਸਵਿੰਦਰ ਕੌਰ ਲਾਖਾ ਨੇ ਵਿਆਹ ਦੀ 25ਵੀਂ ਸਾਲਗਿਰ੍ਹਾ ਆਪਣੇ ਗ੍ਰਹਿ ਕੈਲੀਫੋਰਨੀਆ ਵਿਖੇ ਮਨਾਈ।**

**ਫੋਟੋ ਵੇਰਵਾ- ਰੇਸ਼ਮ ਕਰਨਾਣਵੀ**




INDIA BAZAAR




Indian, Pakistani & Fijjian Groceries

We are open 7 DAYS A WEEK TIME : 9:00 A.M. TO 8:30 P.M.

WE ACCEPT FOOD STAMPS

RENT DVDS & BUY CLOTHES ENJOY YOUR DAY WITH HOPES
EVERY SATURDAY & SUNDAY SPECIAL DISCOUNT ON GROCERIES
Call to Happy- Cell : (209) 594-8473 Ph: (209) 478-0285 Fax : (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।

Email: indiabazaar08@yahoo.com
304 E HAMMER LANE # 12, STOCKTON CA, 95210



Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ.ਪੀ.ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL BOUTIQUE JEWELRY



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

KASH FABRICS
ONE STOP SHOPPING CENTER
29576 Mission Blvd, Hayward, CA 94544
Visit us on the Web at www.kashfabrics.com
Phone: 510-538-1138

# ਡਾ: ਬੀ ਆਰ ਅੰਬੇਦਕਰ ਸਿੱਖ ਫਾਊਡੇਸ਼ਨ ਵਲੋਂ ਕੋਲੰਬੀਆ ਯੂਨੀਵਰਸਿਟੀ ਨਿਊਯਾਰਕ ਵਿੱਚ ਡਾ: ਅੰਬੇਦਕਰ ਸ਼ਤਾਬਦੀ ਕਾਨਫਰੰਸ ਇੱਕ ਇਤਿਹਾਸਕ ਮੀਲ-ਪੱਥਰ








ਕੋਲੰਬੀਆ- 29 ਜੂਨ 2013 ਨੂੰ ਡਾ: ਬੀ ਆਰ ਅੰਬੇਦਕਰ ਸਿੱਖ ਫਾਊਂਡੇਸ਼ਨ (ਬਰਾਸਫ) ਵਲੋਂ ਗੁਰੂ ਗਰੰਥ ਸਾਹਿਬ ਦੇ ਮਿਸ਼ਨ ਨੂੰ ਅੱਗੇ ਤੋਰਨ ਲਈ ਇੱਕ ਨਿਵੇਕਲਾ ਉਪਰਾਲਾ ਕੀਤਾ ਗਿਆ । ਪੂਰੇ ਸੌ ਸਾਲ ਪਹਿਲਾਂ ਕੋਲੰਬੀਆ ਯੂਨੀਵਰਸਿਟੀ ਨਿਊਯਾਰਕ ਵਿੱਚ ਅੰਬੇਦਕਰ ਉੱਚ ਵਿਦਿਆ ਪ੍ਰਾਪਤ ਕਰਨ ਵਾਸਤੇ ਪਧਾਰੇ ਸਨ । ਬਿਨਾਂ ਜਾਤੀ ਵਿਤਕਰੇ ਦੇ ਮਨੁੱਖੀ ਆਜਾਦੀ ਦਾ ਆਨੰਦ ਮਾਣਦੇ ਹੋਏ, ਡਾ: ਅੰਬੇਦਕਰ ਨੇ ਵੱਖ ਵੱਖ ਧਰਮਾਂ ਦਾ ਡੂੰਘਾ ਐਧਿਅਨ ਵੀ ਕੀਤਾ। ਸਿੱਖ ਧਰਮ ਨੂੰ ਘੋਖਦੇ ਹੋਏ ਡਾ: ਅੰਬੇਦਕਰ ਨੇ ਕਿਹਾ ਸੀ, "ਗੁਰੂ ਗਰੰਥ ਸਾਹਿਬ ਮੇਰਾ ਅਧਿਆਤਮਕ ਮਾਰਗ-ਦਰਸ਼ਕ ਹੈ।"

ਗੁਰੂ ਗਰੰਥ ਸਾਹਿਬ ਦੀ ਅਗਵਾਈ ਤਹਿਤ ਹੀ ਭਾਰਤ ਵਿੱਚ ਉਹ ਪੂਰਣ ਆਜਾਦੀ ਦੇ ਨਿਰਮਾਣ ਲਈ ਤਤਪਰ ਸਨ। ਇਹ ਖੁਲਾਸਾ ਡਾ: ਅੰਬੇਦਕਰ ਸ਼ਤਾਬਦੀ ਸਮਾਰੋਹ ਸਮੇਂ ਕੋਲੰਬੀਆ ਯੂਨੀਵਰਸਿਟੀ ਦੇ ਲਰਨਰ ਹਾਲ ਵਿੱਚ, ਉੱਚ-ਕੋਟੀ ਦੇ ਛੇ ਵਿਦਵਾਨਾਂ ਨੇ ਸਰੋਤਿਆਂ ਦੀ ਚੋਖੀ ਹਾਜਰੀ ਵਿੱਚ ਕੀਤਾ।

ਡਾ: ਭੀਮ ਰਾਓ ਅੰਬੇਦਕਰ ਸਿਰਫ ਆਜਾਦ ਤੇ ਅਣਵੰਡੇ ਭਾਰਤ ਦੇ ਅਸਲੀ ਰਾਸ਼ਟਰਪਿਤਾ ਹੀ ਨਹੀਂ ਸਨ, ਸਗੋਂ ਸਾਰੀ ਦੁਨੀਆਂ ਦੇ ਦਬੇ-ਕੁਚਲੇ ਲੋਕਾਂ ਦੇ ਚਾਨਣ- ਮੁਨਾਰੇ ਸਨ । ਇੰਟਰਨੈਸ਼ਨਲ ਲੈਵਲ ਦੀ ਇਸ ਕਾਨਫਰੰਸ ਵਿੱਚ ਇੰਡੀਆ, ਕਨੇਡਾ, ਤੇ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਤੋਂ ਸ਼ਰੋਤਿਆਂ ਵਿੱਚ ਯੇਲ, ਹਾਰਵਰਡ, ਸਿਆਟਲ, ਵਾਸ਼ਿੰਗਟਨ, ਬਰਕਲੇ, ਤੇ ਨਿਊ ਯਾਰਕ ਯੂਨਵਰਸਿਟੀਆਂ ਤੋਂ ਵਿਦਿਆਰਥੀ, ਅਧਿਆਪਕ ਤੇ ਆਈ ਟੀ ਮਾਹਰ ਸ਼ਾਮਲ ਹੋਏ।

ਪੈਨਲ ਵਿੱਚ ਸ਼ਾਮਲ ਡਾ: ਮਨੀਸ਼ਾ ਬੰਗੜ, ਜੋ ਕਿ ਮੂਲਨਿਵਾਸੀ ਸੰਘ ਦੀ ਵਾਈਸ ਪ੍ਰੈਜੀਡੈਂਟ ਹੈ ਨੇ ਐਲਾਨ ਕੀਤਾ, " ਅੱਜ ਦੇ ਭਾਰਤ ਲਈ ਡਾ: ਅੰਬੇਦਕਰ ਦੇ ਜਨ-ਮੁਕਤੀ ਫ਼ਲਸਫ਼ੇ ਦੀ ਸਭ ਤੋਂ ਵੱਧ ਜ਼ਰੂਰਤ ਹੈ" ਪੰਜ ਹੋਰ ਵਿਦਵਾਨਾਂ ਨਾ.ਲ ਅਵਾਜ ਮਿਲਾਉਂਦੇ ਹੋਏ ਉਨ੍ਹਾਂ ਨੇ ਕਿਹਾ ਕਿ ਡਾ: ਅੰਬੇਦਕਰ ਨੇ ਅਛੂਤ ਦੀ ਬਿਮਾਰੀ ਨੂੰ ਜੜ੍ਹੋਂ ਪੁੱਟਣ ਦਾ ਤਹੱਈਆ ਇਸ ਕਰਕੇ ਕੀਤਾ ਸੀ ਕਿ ਭਾਰਤ ਦੀਆਂ ਘੱਟ-ਗਿਣਤੀਆਂ ਸੁਰੱਖਿਅਤ ਹੋਣਗੀਆਂ ਤੇ ਲੋਕਰਾਜ ਦੀ ਨੀਂਹ ਕਦਰਾਂ ਕੀਮਤਾਂ ਤੇ ਅਧਾਰਿਤ ਹੋਵੇਗੀ। ਕੋਲੰਬੀਆ ਯੂਨੀਵਰਸਿਟੀ ਨੇ ਉਨ੍ਹਾਂ ਦੀ ਸ਼ਖ਼ਸੀਅਤ ਵਿੱਚ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ। ਡਾ: ਮਨੀਸ਼ਾ ਬੰਗੜ ਨੇ ਹਿੰਦੂ-ਧਰਮ ਗ੍ਰੰਥਾ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਰਚਨਾ ਸਿੱਧੇ ਤੌਰ ਤੇ "ਸ਼ੂਦਰਾਂ ਤੇ ਅਛੂਤਾਂ" ਦੇ ਸ਼ੋਸ਼ਣ ਲਈ ਕੀਤੀ ਗਈ ਹੈ। ਡਾ: ਅੰਬੇਦਕਰ ਆਪਣੀ ਲਿਖਤਾਂ ਵਿੱਚ ਵੇਦਾਂ ਤੇ ਸ਼ਾਸ਼ਤਰਾਂ ਨੂੰ ਭਰਾਤਰੀ ਭਾਵ, ਬਰਾਬਰਤਾ ਤੇ ਇਨਸਾਫ਼ ਦੀ ਖਾਤਰ ਮੁੱਢ ਤੋਂ ਬਾਈਕਾਟ ਕਰਨ ਲਈ ਕਹਿੰਦੇ ਸਨ । ਡਾ: ਬੰਗੜ ਨੇ ਕਿਹਾ ਕਿ ਜਦੋਂ ਤੱਕ ਨਵੀਂ ਸਮਾਜਿਕ ਵਿਵੱਸਥਾ ਦਾ ਨਿਰਮਾਣ ਨਹੀਂ ਹੁੰਦਾ ਉਦੋਂ ਤੱਕ ਭਾਰਤ ਭ੍ਰਿਸ਼ਟਾਚਾਰ, ਜ਼ੁਲਮ, ਧੱਕੇਸ਼ਾਹੀ ਤੇ ਠੱਗੀਆਂ ਦਾ ਘਰ ਬਣਿਆ ਰਹੇਗਾ। ਮੂਲ ਨਿਵਾਸੀ ਸੰਘ ਦੇ ਨੈਸ਼ਨਲ ਜਨਰਲ ਸਕੱਤਰ ਤੇ ਆਂਧਰਾ ਪ੍ਰਦੇਸ ਯੂਨੀਵਰਸਿਟੀ ਦੇ ਪ੍ਰੋਫੈਸਰ, ਡਾ: ਪੀ ਡੀ ਸਤਿਆਪਾਲ ਨੇ ਵਿਸਥਾਰ ਨਾਲ ਦਸਿਆ ਕਿ ਇਹ ਬ੍ਰਾਹਮਣਵਾਦੀ ਸਭਿਆਚਾਰ ਦੀ ਚੜ੍ਹਤ ਹੀ ਹੈ ਜੋ ਕਿ ਐਮ ਕੇ ਗਾਂਧੀ ਨੂੰ ਉਹਦੇ ਗਿਰੇ ਕਿਰਦਾਰ ਦੇ ਮਾਲਕ ਹੋਣ ਦੇ ਬਾਵਜੂਦ, ਉਹਨੂੰ ਇੱਕ 'ਮਹਾਤਮਾ ਤੇ ਅਹਿੰਸਾ ਦਾ ਪੂਜਾਰੀ ਹੋਣ ਦਾ ਭੁਲੇਖਾ ਪਾਉਂਦੀ ਹੈ । ਇਸ ਦੇ ਉਲਟ ਡਾ: ਅੰਬੇਦਕਰ ਨੂੰ ਕੱਟੜਵਾਦੀ, ਵੱਖਵਾਦੀ ਤੇ ਬਸਤੀਵਾਦ ਦੇ ਹਾਮੀ ਹੋਣ ਦਾ ਪ੍ਰਾਪੇਗੰਡਾ ਕਰਦੀ ਹੈ । ਡਾ: ਅੰਬੇਦਕਰ ਨੂੰ "ਪੂਨਾ ਪੈਕਟ" ਸਹੀ ਕਰਨ ਲਈ ਮਜਬੂਰ ਕਰਨਾ, ਤੇ ਉਨ੍ਹਾਂ ਨੂੰ ਕੋਝੇ ਢੰਗ ਨਾ.ਲ ਬਦਨਾਮ ਕਰਨਾ ਆਦਿ ਬ੍ਰਹਾਮਣਵਾਦੀ ਸਿਆਸਤ ਦੇ ਹੀ ਢੌਂਗ ਸਨ। ਐਮ ਆਰ ਪਾਲ ਜੋ ਕਿ ਭੀਮ ਰਾਓ ਅੰਬੇਦਕਰ ਸਿੱਖ ਫਾਂਉਂਡੇਸ਼ਨ ਦੇ ਡਾਇਰੈਕਟਰ ਹਨ, ਨੇ ਹਿੰਦੂ ਨੇਤਾਵਾਂ ਦੀ ਡਾ: ਅੰਬੇਦਕਰ ਨਾ.ਲ ਗਦਾਰੀ ਦੀ ਗੱਲ ਕੀਤੀ ਤੇ ਕਿਹਾ ਕਿ ਡਾ: ਅੰਬੇਦਕਰ ਭਾਰਤੀ ਸੰਵਿਧਾਨ ਵਿੱਚ ਘੱਟ-ਗਿਣਤੀਆਂ ਤੇ ਹੇਠਲੇ ਵਰਗਾਂ ਦੀ ਆਰਥਿਕ ਤੇ ਸਿਆਸੀ ਅਜਾਦੀ ਕਾਇਮ ਕਰਨ ਲਈ ਉਪਰਾਲੇ ਕਰਦੇ ਸਨ, ਪਰ ਉਨ੍ਹਾਂ ਨੇ ਉਨ੍ਹਾਂ ਦੀ ਕੋਈ ਪੇਸ਼ ਨਹੀਂ ਚੱਲਣ ਦਿਤੀ। ਪਾਲ ਨੇ ਕਿਹਾ ਕਿ ਹਿੰਦੂ ਕਨੂੰਨ ਦੇ ਨਿਰਮਾਤਾ "ਮੰਨੂ" ਦੇ ਜੈਪੁਰ ਹਾਈਕੋਰਟ, ਰਾਜਸਥਾਨ ਦੇ ਬਾਹਰ ਬੁੱਤ ਦੀ ਸਥਾਪਨਾ ਭਾਰਤੀ ਨਿਆਂ ਪ੍ਰਣਾ.ਲੀ ਨਾ.ਲ ਇੱਕ ਕੋਝਾ ਮਜਾਕ ਹੈ । ਡਾ: ਅੰਬੇਦਕਰ ਵਲੋਂ ਤਿਆਰ ਕੀਤਾ "ਹਿੰਦੂ ਕੋਡ" ਬਿੱਲ, ਹਿੰਦੂ ਸਮਾਜ ਲਈ ਮਾਨਵਵਾਦੀ ਹੋਣ ਦਾ ਇੱਕ ਸੁਨਹਿਰੀ ਮੌਕਾ ਸੀ, ਪਰ ਬਿੱਲ ਦੇ ਫੇਲ ਹੋ ਜਾਣ ਕਰਕੇ ਅੰਬੇਦਕਰ ਨੂੰ ਬਹੁਤ ਧੱਕਾ ਲੱਗਾ ਜਿਸ ਕਰਕੇ ਉਨ੍ਹਾਂ ਨੇ ਲਾਅ ਮਨਿਸਟਰੀ ਤੋਂ ਅਸਤੀਫਾ ਦੇਣਾ ਹੀ ਠੀਕ ਸਮਝਿਆ । ਬਰਕਲੇ ਯੂਨੀਵਰਸਿਟੀ ਦੀ ਪ੍ਰੋਫੈਸਰ ਤੇ ਐਂਥਰੋਪੌਲੋਜਿਸਟ ਡਾ: ਅੰਗਨਾਂ ਚੈਟਰਜੀ ਨੇ ਡਾ: ਅੰਬੇਦਕਰ ਦੇ ਕੰਮ ਦੀ ਅੱਜ ਦੇ ਭਾਰਤ ਲਈ ਮਹਤੱਤਾ ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਜਦੋਂ ਕਿ ਭਾਰਤ ਵਿੱਚ ਆਰਥਿਕ ਤੇ ਰਾਜਨੀਤਕ ਕਾਰਜਾਂ ਨੇ ਕੁੱਝ ਲੋਕਾਂ ਦੀ ਜਿੰਦਗੀ ਵਿੱਚ ਸੁਧਾਰ ਲਿਆਂਦਾ ਹੈ, ਪਰ ਇਹ ਤਰੱਕੀ ਦੱਬੇ-ਕੁਚਲੇ ਲੋਕਾਂ ਨੂੰ ਵਾਂਝੇ ਰੱਖਣ ਦੀ ਕਹਾਣੀ ਵੀ ਬਿਆਨ ਕਰਦੀ ਹੈ। ਭਾਰਤ ਦੇ ਮਜਲੂਮਾਂ ਨੂੰ ਮਨੁੱਖੀ ਹੱਕਾਂ, ਜਿਵੇਂ ਜਿੰਦਗੀ ਜਿਉਣ ਦਾ ਅਧਿਕਾਰ, ਸਿਹਤ, ਪੜ੍ਹਾਈ, ਬੋਲਣ ਦੀ ਆਜਾਦੀ ਆਦਿ ਤੋਂ ਸੱਖਣੇ ਰੱਖਿਆ ਗਿਆ ਹੈ।



ਡਾ: ਚੈਟਰਜੀ ਨੇ ਦੱਸਿਆ ਕਿ ਭਾਰਤ ਵਿੱਚ 1995 ਤੋਂ ਹੁਣ ਤੱਕ 270,940 ਕਿਸਾਨਾਂ ਨੇ ਆਤਮ ਹੱਤਿਆ ਕਰ ਲਈ ਹੈ । ਹਿਊਮਨ ਰਾਈਟਸ ਵਾਚ ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਸਿੱਖ, ਮੁਸਲਿਮ, ਦਲਿਤ ਮੂਲ ਦੇ ਲੋਕਾਂ ਨੂੰ ਅਕਸਰ ਸਮਾਜ ਵਿਰੋਧੀ ਤੱਤ ਦਸਿਆ ਜਾਂਦਾ ਹੈ । ਬਹੁਤ ਕ੍ਰਿਸਚਨ ਤੇ ਆਦਿਵਾਸੀਆਂ ਨੂੰ ਧੱਕੇ ਨਾਲ ਹਿੰਦੂ ਧਰਮ ਵਿੱਚ ਸ਼ਾਮਲ ਕੀਤਾ ਜਾਂਦਾ ਹੈ।

ਪੀਟਰ ਸਿੰਘ, ਸਿੱਖ ਇੰਨਫੋਰਮੇਸ਼ਨ ਸੈਂਟਰ ਦੇ ਅਗਜ਼ੈਕਟਿਵ ਡਾਇਰੈਕਟਰ, ਨੇ ਆਪਣੇ ਪੇਪਰ ਵਿੱਚ ਵਿਸਥਾਰ ਨਾਲ ਦਸਿਆ ਕਿ ਐਮ ਕੇ ਗਾਂਧੀ ਤੇ ਡਾ: ਅੰਬੇਦਕਰ ਦੇ ਵਿਚਾਰਾਂ ਵਿੱਚ ਜਮੀਨ ਅਸਮਾਨ ਦਾ ਫਰਕ ਹੈ । ਡਾ: ਅੰਬੇਦਕਰ ਸੰਵਿਧਾਨ ਲਿਖਣ ਵਾਲੀ ਕਮੇਟੀ ਦੇ ਚੇਅਰਮੈਨ ਹੋਣ ਦੇ ਨਾਤੇ ਸਾਰੇ ਭਾਰਤੀਆਂ ਲਈ ਇਨਸਾਫ਼ ਤੇ ਬਰਾਬਰਤਾ ਦੇ ਕਾਨੂੰਨ ਨੂੰ ਅਮਲੀ ਰੂਪ ਦੇ ਰਹੇ ਸਨ, ਪਰ ਬਹੁਤ ਸੋਧਾਂ ਕਰ ਦੇਣ ਕਰਕੇ ਇਹ ਕੁੱਝ ਨਹੀਂ ਹੋ ਸਕਿਆ । ਪੀਟਰ ਸਿੰਘ ਨੇ ਪ੍ਰੋ: ਰਾਮਚੰਦਰਾ ਗੂਹਾ ਦੀ ਮਾਰਚ 2012 ਕੋਲੰਬੀਆ ਯੂਨੀਵਰਸਿਟੀ ਵਿੱਚ ਵਿਸ਼ੇਸ਼ ਤਕਰੀਰ ਵੱਲ ਇਸ਼ਾਰਾ ਕੀਤਾ ਜਿਹੜੀ ਕਿ ਡਾ: ਅੰਬੇਦਕਰ ਚੇਅਰ ਵਲੋਂ ਕਰਵਾਈ ਗਈ ਸੀ।

2010 ਵਿੱਚ ਭਾਰਤ ਸਰਕਾਰ ਨੇ ਕੋਲੰਬੀਆ ਯੂਨੀਵਰਸਿਟੀ ਨੂੰ ਡਾ: ਅੰਬੇਦਕਰ ਚੇਅਰ ਸਥਾਪਿਤ ਕਰਨ ਲਈ ਵੱਡੀ ਗਰਾਂਟ ਦਿਤੀ ਸੀ। ਪੀਟਰ ਸਿੰਘ ਨੇ ਸਾਊਥ ਅਫਰੀਕਾ ਵਿੱਚ ਗਾਂਧੀ ਦੀਆਂ ਕਾ.ਲੇ ਮੂਲ ਦੇ ਲੋਕਾ ਪ੍ਰਤੀ ਨਸਲੀ ਟਿੱਪਣੀਆਂ ਦਾ ਜ਼ਿਕਰ ਕਰਦੇ ਹੋਏ ਕਿਹਾ ਗਾਂਧੀ ਦਬੇ-ਕੁਚਲੇ ਲੋਕਾਂ ਦੇ ਹਿਤਾਂ ਕਰਕੇ ਹੀ ਆਪਣਾ ਆਧਾਰ ਬਣਾਉਂਦਾ ਸੀ। ਇਸਦੇ ਉਲਟ ਡਾ: ਅੰਬੇਦਕਰ ਜਾਤਿ-ਅਧਾਰਿਤ ਸਮਾਜ ਨੂੰ ਮੁੱਢ ਤੋਂ ਬਦਲਣ ਦੀ ਵਕਾਲਤ ਕਰਦੇ ਸਨ। ਇਹ ਕਹਿਣਾ ਕਿ ਹੁਣ ਦਾ ਭਾਰਤੀ ਸੰਵਿਧਾਨ ਡਾ: ਅੰਬੇਦਕਰ ਦਾ ਬਣਾਇਆ ਹੈ, ਸਚਾਈ ਤੋ ਬਹੁਤ ਪਰੇ ਹੈ । ਡਾ: ਅੰਬੇਦਕਰ ਕਹਿੰਦੇ ਸਨ ਅਜਿਹੇ ਸੰਵਿਧਾਨ ਨੂੰ ਜਲਾਉਣ ਵਾ.ਲਿਆਂ ਦੀ ਲਾਈਨ ਵਿੱਚ ਉਹ ਸੱਭ ਤੋਂ ਅੱਗੇ ਹੋਣਗੇ ਕਿਉਂਕਿ ਇਹ ਕਿਸੇ ਲਈ ਵੀ ਚੰਗਾ ਨਹੀਂ ਹੈ । ਪਿਛਲੇ 66 ਸਾਲਾਂ ਦੇ ਇਤਿਹਾਸ ਵਿੱਚ, ਭਾਰਤੀ ਵਿਵੱਸਥਾ ਨੇ ਜੋ ਘੱਟ-ਗਿਣਤੀਆਂ ਤੇ ਦਬੀਆਂ ਜਮਾਤਾਂ ਦੇ ਹੱਕਾਂ ਤੇ ਡਾਕੇ ਮਾਰੇ ਹਨ, ਉਸ ਬਾਰੇ ਡਾ: ਅੰਬੇਦਕਰ ਨੇ ਪਹਿਲਾਂ ਹੀ ਚਿਤਾਵਨੀ ਦੇ ਦਿਤੀ ਸੀ।

ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਦੇ ਡਾ: ਅਮਰੀਕ ਸਿੰਘ ਨੇ "ਡਾ: ਅੰਬੇਦਕਰ ਦੇ ਮਿਸ਼ਨ, ਤੇ ਉਨ੍ਹਾਂ ਦੁਆਰਾ ਖੋਲ੍ਹੇ ਗਏ ਗੁਰੂ ਨਾਨਕ ਖਾਲਸਾ ਕਾਲਜ ਮੁੰਬਈ ਅਤੇ ਹਿੰਦੂ ਮਹਾ ਸਭਾ" ਦੇ ਵਿਸ਼ੇ ਤੇ ਆਪਣਾ ਪੇਪਰ ਪੜ੍ਹਿਆ । ਉਨ੍ਹਾਂ ਖੁਲਾਸਾ ਕੀਤਾ ਮੁੰਬਈ ਖਾਲਸਾ ਕਾਲਜ ਡਾ: ਅੰਬੇਦਕਰ ਦੇ ਦਿਮਾਗ ਦੀ ਹੀ ਕਾਢ ਹੈ । ਕਾਲਜ ਦੀ ਮਿਸ਼ਨ ਸਟੇਟਮੈਂਟ ਵੀ ਉਨ੍ਹਾਂ ਦੀ ਹੱਥ ਲਿਖਤ ਹੈ । 1937 ਵਿੱਚ ਐਸ ਜੀ ਪੀ ਸੀ ਨੇ 27000 ਵਰਗ ਗਜ਼ ਜਗ੍ਹਾ ਡਾ: ਅੰਬੇਦਕਰ ਦੇ ਕਹਿਣ ਤੇ ਹੀ ਖਰੀਦੀ ਸੀ । ਪਰ ਹਿੰਦੂ ਮਹਾਂ ਸਭਾ ਦੀ ਦਖਲ ਅੰਦਾਜ਼ੀ ਕਰਕੇ ਡਾ: ਅੰਬੇਦਕਰ ਸਿੱਖ ਬਣਨ ਦੇ ਮਿਸ਼ਨ ਨੂੰ ਅਗਾਂਹ ਨਹੀਂ ਲਿਜਾ ਸਕੇ ਸਨ। ਡਾ ਸਿੰਘ ਨੇ ਕਿਹਾ, "ਅਜਾਦੀ ਦਾ ਵਿਚਾਰ ਇੱਕ ਭੁਲੇਖਾ ਹੈ ਜੋ ਕਿ ਲਗਾਤਾਰ ਨੀਵੇਂ ਵਰਗਾਂ ਤੇ ਘੱਟ-ਗਿਣਤੀਆਂ ਨੂੰ ਨਿਸ਼ਾਨਾ ਬਣਾਕੇ ਲੋਕਾਂ ਨੂੰ ਦਸਿਆ ਜਾਂਦਾ ਹੈ। ਡਾ: ਅੰਬੇਦਕਰ ਭਾਰਤ ਦੇ ਦਮਨਕਾਰੀ ਪ੍ਰਬੰਧ ਨੂੰ ਮੁੱਢ ਤੋਂ ਬਦਲਣ ਲਈ ਇਮਾਨਦਾਰੀ ਨਾ.ਲ ਕੰਮ ਕਰ ਰਹੇ ਸਨ। ਭਾਰਤ ਤੋਂ ਬਾਹਰ, ਡਾ: ਅੰਬੇਦਕਰ ਤੇ ਇਹ ਕਾਨਫਰੰਸ ਵਿਲੱਖਣ, ਖੋਜ-ਭਰਪੂਰ, ਤੇ ਸੋਚਣ ਲਈ ਮਜਬੂਰ ਕਰਨ ਵਾ.ਲੀ ਸਿੱਧ ਹੋਈ । ਇੰਦਰਜੀਤ ਸਿੰਘ ਬਲੋਵਾਲੀਆ ਨੇ ਵਿਚਾਰ ਪੇਸ਼ ਕਰਦਿਆ ਕਿਹਾ ਕਿ ਗੁਰੂ ਦੇ ਅਸਲੀ ਸਿੱਖ ਦੀ ਨਜ਼ਰ ਵਿੱਚ ਬ੍ਰਾਹਮਣ, ਖ਼ਤਰੀ, ਵੈਸ਼ ਅਤੇ ਸ਼ੂਦਰ ਜਿਹੇ ਸ਼ਬਦਾਂ ਦਾ ਕੋਈ ਮਤਲਬ ਨਹੀਂ ਹੈ । ਇਹ ਸ਼ੈਤਾਨ ਦੇ ਘੜੇ ਹੋਏ ਹਨ।

ਅਵਤਾਰ ਸਿੰਘ ਆਦਮਪੁਰੀ ਹੁਰਾਂ ਕਿਹਾ ਕਿ ਸਾਰੀ ਮੁਸ਼ਕਲਾਂ ਦਾ ਹੱਲ ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ ਵਿੱਚ ਸਵੈਮਾਨ ਹੈ । ਲੋੜ ਹੈ ਸੱਚ ਦੀ ਹਾਮੀ ਭਰਨ ਦੀ ਅਤੇ ਸਰਬਤ ਦੇ ਭਲੇ ਲਈ ਕਾਫਲੇ ਦੇ ਰੂਪ ਵਿੱਚ ਅਗਾਂਹ ਵਧਣ ਦੀ । ਮੂਲਨਿਵਾਸੀਆਂ ਨੂੰ 1710 ਈ:ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੇ ਬਹੁ-ਪੱਧਰੀ ਗੁਲਾਮੀ ਤੋਂ ਨਿਜਾਤ ਦਵਾਈ । ਗਿਆਨੀ ਦਿੱਤ ਸਿੰਘ ਹੁਰਾਂ ਨੇ ਸਿੰਘ ਸਭਾ ਲਹਿਰ ਰਾਹੀਂ ਸਿੱਖੀ ਸਪਿਰਟ ਨੂੰ ਮੁੜ ਸੁਰਜੀਤ ਕੀਤਾ। ਇਹੋ ਕੰਮ ਡਾ: ਅੰਬੇਦਕਰ ਗੁਰੂ ਨਾਨਕ ਖਾਲਸਾ ਕਾਲਜ, ਮੁੰਬਈ ਜਹੇ ਵਿਦਿਆ ਕੇਂਦਰ ਖੋਲ੍ਹ ਕੇ ਕਰਨਾ ਚਾਹੁੰਦੇ ਸਨ । ਭੀਮ ਰਾਓ ਅੰਬੇਦਕਰ ਫਾਊਂਡੇਸ਼ਨ (ਬਰਾਸਫ) ਗੁਰੂ ਗਰੰਥ ਸਾਹਿਬ ਦੇ ਸ਼ਾਂਤੀ ਤੇ ਸਵੈਮਾਣ ਦੇ ਸਨੇਹੇ ਨੂੰ ਭਾਰਤ ਦੇ ਕੋਨੇ ਕੋਨੇ ਵਿੱਚ ਲਿਜਾਣ ਲਈ ਬਚਨਬੱਧ ਹੈ।

ਗੁਰੂ ਰਵੀਦਾਸ ਸਭਾ (ਨਿਊ ਯਾਰਕ) ਦੇ ਪ੍ਰਧਾਨ ਸਰਦਾਰ ਨਿਰਮਲ ਸਿੰਘ ਨੇ ਆਪਣੀ ਸਾਰੀ ਟੀਮ ਸਮੇਤ ਕਾਨਫਰੰਸ ਨੂੰ ਸਫਲ ਬਣਾਉਣ ਵਿੱਚ ਆਪਣਾ ਪੂਰਾ ਸਹਿਯੋਗ ਪਾਇਆ।

ਬਰਾਸਫ ਦੇ ਬੋਰਡ ਡਾਇਰੈਕਟਰਜ਼ ਅਵਤਾਰ ਸਿੰਘ ਆਦਮਪੁਰੀ, ਦਿਲਬਾਗ ਸਿੰਘ, ਈਸ਼ਰ ਸਿੰਘ, ਤੇ ਇੰਦਰਜੀਤ ਸਿੰਘ ਸਿਆਟਲ ਵਾਸ਼ਿੰਗਟਨ ਤੋਂ ਸ਼ਾਮਲ ਹੋਏ। ਅਮਰੀਕਾ ਦੇ ਪਹਿਲੇ ਸਟਾਕਟਨ ਗੁਰਦੁਆਰਾ ਸਾਹਿਬ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਉੱਪਲ, ਬਰਾਸਫ ਦੇ ਸਹਿਯੋਗੀ ਨਾਨਕ ਸਿੰਘ ਭੱਟੀ, ਤੇ ਰਮੇਸ਼ ਬੰਗੜ ਕੈਲੀਫੋਰਨੀਆ ਤੋਂ ਉਚੇਚੇ ਤੌਰ ਤੇ ਪਹੁੰਚੇ। ਬੋਰਡ ਡਾਇਰੈਕਟਰ ਭਜਨ ਸਿੰਘ ਭਿੰਡਰ ਨੇ ਸਾਰੇ ਸਮਾਗਮ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਚਲਾਇਆ ਤੇ ਬੁਲਾਰਿਆਂ ਤੇ ਸਰੋਤਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਪੰਜਾਬ ਬਸਪਾ ਵਲੋਂ ਬੋਧ ਗੋਯਾ ਮੰਦਿਰ ' ਤੇ ਬੰਬ ਧਮਾਕਿਆਂ ਦੀ ਸਖਤ ਨਿਖੇਧੀ

ਮਾਹਿਲਪੁਰ (ਸ਼ਿਵ ਕੁਮਾਰ ਬਾਵਾ)- ਅੱਜ ਬਹੁਜਨ ਸਮਾਜ ਪਾਰਟੀ ਦੇ ਆਗੂਆਂ ਦੀ ਹੰਗਾਮੀ ਮੀਟਿੰਗ ਬਸਪਾ ਦੇ ਸੀਨੀਅਰ ਪਰਵਾਸੀ ਭਾਰਤੀ ਆਗੂ ਬਾਰੂ ਪਿਆਰੇ ਲਾਲ ਦੀ ਅਗਵਾਈ ਵਿਚ ਮਾਹਿਲਪੁਰ ਵਿਖੇ ਹੋਈ ਜਿਸ ਵਿਚ ਪਾਰਟੀ ਦੇ ਨਵੇਂ ਚੁਣੇ ਗਏ ਪੰਚਾਇਤ ਮੈਂਬਰ, ਸਰਪੰਚ ਅਤੇ ਬਲਾਕ ਸੰਮਤੀ ਮੈਂਬਰ ਹਾਜ਼ਰ ਹੋਏ। ਇਸ ਮੌਕੇ ਸਮੂਹ ਆਗੂਆਂ ਵਲੋਂ ਅੱਜ ਬਿਹਾਰ ਦੇ ਇਤਹਾਸਿਕ ਸ਼ਹਿਰ ਵਿਚ ਸਥਿੱਤ ਬੋਧ ਗਯਾ ਮੰਦਰ ਨੂੰ ਬੰਬ ਧਮਾਕਿਆਂ ਨਾਲ ਉਡਾਣਾਉਂਣ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਸੀਨੀਅਰ ਬਸਪਾ ਆਗੂ ਬਾਬੂ ਪਿਆਰੇ ਲਾਲ ਨੇ ਆਖਿਆ ਕਿ ਬੋਧ ਮੰਦਿਰ ਤੇ ਹਮਲਾ ਗਿਣੀਮਿਥੀ ਸ਼ਾਜਿਸ਼ ਤਹਿਤ ਕੀਤਾ ਗਿਆ ਹੈ ਅਤੇ ਕੁੱਝ ਦਲਿਤ ਅਤੇ ਅੰਬੇਡਕਰ ਵਿਰੋਧੀ ਸ਼ਕਤੀਆਂ ਗਰੀਰ ਲੋਕਾਂ ਨੂੰ ਅਜਿਹੀਆਂ ਵਾਰਦਾਤਾਂ ਕਰਕੇ ਜਲੀਲ ਕਰ ਰਹੀਆਂ ਹਨ। ਉਹਨਾਂ ਕਿਹਾ ਕਿ ਅਜਿਹੇ ਹਮਲਿਆਂ ਪ੍ਰਤੀ ਸੂਬਾ ਸਰਕਾਰ ਸਮੇਤ ਕੇਂਦਰ ਸਰਕਾਰ ਸਮੁੱਚੇ ਮਾਮਲੇ ਦੀ ਉਚ ਪੱਧਰੀ ਜਾਂਚ ਕਰਵਾਏ। ਉਹਨਾ ਕਿਹਾ ਕਿ ਅਹਿਆਂ ਵਾਰਦਾਤਾਂ ਕਿਸੇ ਵੀ ਕੀਮਤ ਦੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਦੇਸ਼ ਅੰਦਰ ਜਾਤ ਪਾਤ ਦੇ ਵੱਧ ਰਹੇ ਪਾੜੇ ਲਈ ਸਰਕਾਰਾਂ ਮੁਖ ਦੋਸ਼ੀ ਹਨ। ਹਮਲੇ ਦੌਰਾਨ ਮਾਰੇ ਗਏ ਅਤੇ ਗੰਭੀਰ ਜ਼ਖਮੀ ਬੁੱਧ ਭਿਕਸ਼ੂਆਂ ਨੂੰ ਸਰਕਾਰ ਬਣਦਾ ਢੁਕਵਾਂ ਮੁਆਵਜਾ ਦੇਵੇ। ਉਹਨਾਂ ਕਿਹਾ ਕਿ ਪਾਰਟੀ ਵਲੋਂ ਉਕਤ ਮਾਮਲੇ ਸਬੰਧੀ ਜਲਦ ਹੀ ਸੂਬਾ ਪੱਧਰੀ ਮੀਟਿੰਗ ਕਰੇਗੀ ਜਿਸ ਵਿਚ ਘਟਨਾ ਸਬੰਧੀ ਸਰਕਾਰ ਵਲੋਂ ਨਿਭਾਏ ਗਏ ਰੋਲ ਦਾ ਨਿਰੀਖਣ ਕੀਤਾ ਜਾਵੇਗਾ। ਇਸ ਮੀਟਿੰਗ ਨੂੰ ਹੋਰਨਾ ਤੋਂ ਇਲਾਵਾ ਬਲਾਕ ਸੰਮਤੀ ਮੈਂਬਰ ਰਛਪਾਲ ਸਿੰਘ ਲਾਲੀ ਭਾਰਟਾ,ਸੁਰਿੰਦਰ ਕੁਮਾਰ ਪਿੰਕੀ, ਸਤਵਿੰਦਰ ਕੁਮਾਰ ਮਿੰਟੂ, ਗੁਰਨਾਮ ਸਿੰਘ ਰਾਪੁਰ ਝੰਜੋਵਾਲ, ਕੁਲਵਿੰਦਰ ਹੀਰ ਅਤੇ ਕੁਲਵਿੰਦਰ ਸਿੰਘ ਆਦਿ ਆਗੂਆਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਹਮਲੇ ਨੂੰ ਮਨੂੰਵਾਦੀ ਸੋਚ ਦਾ ਘਿਨੋਣਾ ਕਾਰਨਾਮਾ ਕਰਾਰ ਦਿੱਤਾ।



# ਪਰਵਾਸੀ ਭਾਰਤੀ ਪਰਿਵਾਰ ਵਲੋਂ ਜੰਡੋਲੀ ਦੇ ਕਤਲ ਕੀਤੇ ਗਏ 10 ਸਾਲਾ ਦਲਿਤ ਲੜਕੇ ਦੇ ਪਰਿਵਾਰ ਨੂੰ 60,000 ਰੁਪਿਆ ਆਰਥਿਕ ਸਹਾਇਤਾ

ਮਾਹਿਲਪੁਰ (ਸ਼ਿਵ ਕੁਮਾਰ ਬਾਵਾ)- ਇਥੋਂ ਲਾਗਲੇ ਪਿੰਡ ਚੰਦੇਲੀ ਦੇ ਕਨੇਡਾ ਰਹਿੰਦੇ ਸ਼ਾਇਰ ਅਜੇ ਤਨਵੀਰ (ਪੀਟਾ ਚੰਦੇਲੀ ਵਾਲਾ) ਦੇ ਪਰਿਵਾਰ ਵਲੋਂ ਸ੍ਰੀ ਗੁਰੂ ਰਵਿਦਾਸ ਸਭਾ ਫਰਿਜਨੋ ਅਤੇ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਭਾ ਸਲਮਾ ਕਨੇਡਾ ਵਲੋਂ ਬਲਾਕ ਮਾਹਿਲਪੁਰ ਦੇ 18 ਅਪਰੈਲ ਨੂੰ ਪਹਾੜੀ ਖਿੱਤੇ ਦੇ ਪਿੰਡ ਜੰਡੋਲੀ ਵਿਖੇ ਪਿੰਡ ਦੇ ਹੀ ਇਕ ਵਿਅਕਤੀ ਵਲੋਂ ਗਿਣੀਮਿਥੀ ਸ਼ਾਜਿਸ਼ ਤਹਿਤ ਬੇਰਹਿਮੀ ਨਾਲ ਕਤਲ ਕੀਤੇ ਗਏ ਗਰੀਬ ਦਲਿਤ ਪਰਿਵਾਰ ਦੇ ਇਕਲੌਤੇ 10 ਸਾਲਾ ਲੜਕੇ ਬਲਕਾਰ ਚੰਦ ਦੇ ਪਰਿਵਾਰ ਨੂੰ ਅੱਜ 60,000 ਰੁਪਿਆ ਆਰਥਿਕ ਸਹਾਇਤਾ ਦਿੱਤੀ ਗਈ। ਅਜੇ ਤਨਵੀਰ ਦੀ ਪਤਨੀ ਬਲਜਿੰਦਰ ਕੌਰ ਵਲੋਂ ਲੜਕੇ ਦੇ ਪਿਤਾ ਅਸ਼ੋਕਪਾਲ ਅਤੇ, ਭੈਣ ਰਾਜਵੰਤ ਕੌਰ ਨੂੰ ਵਿਦੇਸ਼ੀ ਸੰਗਤ ਦੇ ਸਹਿਯੋਗ ਨਾਲ ਇਕੱਤਰ ਕੀਤੀ ਗਈ 60 ਹਜਾਰ ਰੁਪਏ ਸਹਾਇਤਾ ਦਿੰਦਿਆਂ ਆਖਿਆ ਕਿ ਉਹ ਕਨੇਡਾ ਵਿਚ ਸਨ ਜਦੋਂ ਲੜਕੇ ਦੇ ਕਤਲ ਸਬੰਧੀ ਉਹਨਾਂ ਮਾਹਿਲਪੁਰ ਤੋਂ ਪੰਜਾਬੀ ਟ੍ਰਿਬਿਊਨ ਦੇ ਮੁੱਖ ਪੰਨੇ ਤੇ ਛਪੀ ਖਬਰ ਨੂੰ ਨੈਟ ਤੇ ਪੜ੍ਹਿਆ। ਅਖਬਾਰ ਵਿਚ ਛਪੀ ਖਬਰ ਇਸ ਤਰੀਕੇ ਨਾਲ ਲਿਖੀ ਗਈ ਸੀ ਕਿ ਖਬਰ ਪੜ੍ਹਕੇ ਉਹ ਰੋਣ ਲਈ ਮਜ਼ਬੂਰ ਹੋ ਗਏ। ਉਹਨਾਂ ਦੱਸਿਆ ਕਿ ਉਸਦੇ ਪਰਿਵਾਰ ਦੇ ਰੋਂਗਟੇ ਖੜ੍ਹੇ ਹੋ ਗਏ ਜਦੋਂ ਉਹਨਾਂ ਪੜ੍ਹਿਆ ਕਿ ਲੜਕੇ ਨੂੰ ਇਕ ਉਚ ਜਾਤਿ ਨਾਲ ਸਬੰਧਤ ਇਕ ਵਿਅਕਤੀ ਵਲੋਂ ਉਸਦੇ ਖੇਤ ਵਿਚੋਂ ਤੂੜੀ ਹੂੰਝਕੇ ਆਪਣੇ ਮਾਤਾ ਪਿਤਾ ਅਤੇ ਵੱਡੀ ਭੈਣ ਰਾਜਵੰਤ ਕੌਰ 12 ਨਾਲ ਖੇਤਾਂ ਵਿਚੋਂ ਤੂੜੀ ਲੈ ਕੇ ਆ ਰਹੇ ਲੜਕੇ ਦਾ ਦਾਤਰ ਨਾਲ ਗਲ ਵੱਢਕੇ ਧੜ ਨਾਲੋਂ ਅਲੱਗ ਕਰ ਦਿੱਤਾ ਗਿਆ। ਬਲਜਿੰਦਰ ਕੌਰ ਨੇ ਦੱਸਿਆ ਕਿ ਉਹਨਾਂ ਪਰਿਵਾਰ ਦੀ ਸਹਾਇਤਾ ਕਰਨ ਲਈ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਪਿਆਰਾ ਸਿੰਘ ਵਿਰਦੀ, ਮਲਕੀਤ ਸਿੰਘ, ਚਰਨਜੀਤ ਸਿੰਘ, ਸਤਨਾਮ ਸਿੰਘ, ਰਤਨ ਜੱਸੀ, ਸੁਰਿੰਦਰ ਨਰ, ਅਮਰ ਦੜੋਚ, ਰਾਜ ਕੁਮਾਰ, ਪ੍ਰੇਮ ਸੋਢੀ, ਰਾਜ ਕੁਮਾਰ ਜੱਸੀ, ਸੁਰਜੀਤ ਸਿੰਘ, ਕੁਲਦੀਪ ਸਿੰਘ, ਚੈਚਲ ਸਿੰਘ, ਕੌਰ ਅਤੇ ਬਲਜਿੰਦਰ ਮਾਣਕ ਦੀ ਹਾਜਰੀ ਵਿਚ ਪੱਤਰਕਾਰ ਸ਼ਿਵ ਕੁਮਾਰ ਬਾਵਾ ਦਿੱਤਾ ਗਿਆ। ਇਸ ਮੌਕੇ ਪਿੰਡ ਦੇ



ਪਿੰਡ ਜੰਡੋਲੀ ਵਿਖੇ ਕਤਲ ਕੀਤੇ ਗਏ ਗਰੀਬ ਦਲਿਤ ਪਰਿਵਾਰ ਦੇ 10 ਸਾਲਾ ਲੜਕੇ ਬਲਕਾਰ ਚੰਦ ਦੇ ਪਿਤਾ ਅਸ਼ੋਕਪਾਲ ਅਤੇ ਉਸਦੀ ਲੜਕੀ ਰਾਜਵੰਤ ਕੌਰ ਨੂੰ 60 ਹਜਾਰ ਰੁਪਿਆ ਆਰਥਿਕ ਸਹਾਇਤਾ ਦਿੰਦੀ ਹੋਈ ਬਲਜਿੰਦਰ ਕੌਰ ਕਨੇਡਾ ਚੰਦੇਲੀ ਅਤੇ ਪਰਿਵਾਰ ਦੇ ਮੈਂਬਰ

ਕਰਮ ਸਿੰਘ ਬੰਗੜ, ਰਜਿੰਦਰ ਢਿੱਲੋਂ ਸਾਰੇ ਵਾਸੀ ਅਮਰੀਕਾ ਆਦਿ ਵਲੋਂ ਮ੍ਰਿਤਕ ਲੜਕੇ ਦੇ ਪਰਿਵਾਰ ਨੂੰ 60 ਹਜਾਰ ਰੁਪਿਆ ਅਰਥਿਕ ਸਹਿਯੋਗ ਦੇਣ ਦਾ ਫੈਸਲਾ ਕੀਤਾ ਅਤੇ ਇਸ ਪਰਿਵਾਰ ਦੀ ਮਾਲੀ ਹਾਲਤ ਪੜ੍ਹਕੇ ਉਹਨਾਂ ਪੈਸੇ ਇਕੱਠੇ ਕੀਤੇ ਜਿਹਨਾਂ ਨੂੰ ਅੱਜ ਅਜੇ ਤਨਵੀਰ ਦੀ ਪਤਨੀ ਬਲਜਿੰਦਰ ਕੌਰ ਕਨੇਡਾ, ਭਜਨ ਲਾਲ ਪੰਚਾਇਤ ਸਕੱਤਰ, ਵਿਜੇ ਕੁਮਾਰ, ਰਜਨੀਸ਼ ਕੁਮਾਰ, ਰਜੇਸ਼ ਕੁਮਾਰ ਚੰਦੇਲੀ ਵਲੋਂ ਲੜਕੇ ਦੇ ਪਿਤਾ ਅਸ਼ੋਕਪਾਲ, ਮੋਹਿਤ ਕੁਮਾਰ, ਭੈਣ ਰਾਜਵੰਤ ਪੰਚਾਇਤ ਸਕੱਤਰ ਭਜਨ ਸਿੰਘ ਨੇ ਆਖਿਆ ਕਿ ਪਿੰਡ ਚੰਦੇਲੀ ਦਾ ਪੀਟਾ ਪਰਿਵਾਰ ਭਾਵੇਂ ਕਨੇਡਾ ਨਾਲ ਜੁੜਿਆ ਹੋਇਆ ਹੈ ਪ੍ਰੰਤੂ ਉਕਤ ਪਰਿਵਾਰ ਦੇ ਮੈਂਬਰ ਸਮਾਜ ਸੇਵੀ ਅਤੇ ਪਿੰਡ ਦੇ ਵਿਕਾਸ ਕੰਮਾਂ ਵਿਚ ਵੱਧ ਚੜ੍ਹਕੇ ਯੋਗਦਾਨ ਪਾਉਂਦੇ ਹਨ। ਉਹਨਾਂ ਕਿਹਾ ਕਿ ਮ੍ਰਿਤਕ ਲੜਕੇ ਦੇ ਪਿਤਾ ਅਸ਼ੋਕਪਾਲ ਨੂੰ ਦਿੱਤੀ ਗਈ ਰਕਮ ਉਸਦੀਆਂ ਦੋਵੇਂ ਲੜਕੀਆਂ ਦੇ ਨਾਮ ਤੇ ਬੈਂਕ ਵਿਚ ਪੱਕੇ ਤੌਰ ਤੇ 5 ਸਾਲ ਲਈ ਜਮ੍ਹਾ ਕਰਵਾ ਦਿੱਤੀ ਗਈ ਹੈ। ਇਸ ਮੌਕੇ ਲੜਕੇ ਦੇ ਪਿਤਾ ਅਸ਼ੋਕਪਾਲ ਨੇ ਦੱਸਿਆ ਕਿ ਉਸਦੇ ਇਕਲੌਤੇ ਲੜਕੇ ਦਾ ਕਤਲ ਗਿਣੀਮਿਥੀ ਸ਼ਾਜਿਸ਼ ਤਹਿਤ ਕੀਤਾ ਗਿਆ ਸੀ। ਉਹ ਗਰੀਬ ਦਲਿਤ ਪਰਿਵਾਰ ਨਾਲ ਸਬੰਧਤ ਹੈ ਤੇ ਉਸਦੀਆਂ ਦੋਵੇਂ ਲੜਕੀਆਂ ਸਰਕਾਰੀ ਸਕੂਲ ਵਿਚ ਕ੍ਰਮਵਾਰ 6ਵੀਂ ਅਤੇ 7 ਵੀਂ ਕਲਾਸ ਵਿਚ ਪੜ੍ਹਦੀਆਂ ਹਨ। ਉਸਨੇ ਦੱਸਿਆ ਕਿ ਉਹ ਮਜ਼ਦੂਰੀ ਕਰਕੇ ਪਰਿਵਾਰ ਦਾ ਪੇਟ ਪਾਲ ਰਿਹਾ ਹੈ। ਉਸਦੇ ਇਕਲੌਤੇ ਲੜਕੇ ਦਾ ਸਿਰਫ ਕਸੂਰ ਇਹ ਸੀ ਕਿ ਉਸਨੇ ਕਿਸਾਨ ਦੇ ਖੇਤ ਵਿਚੋਂ ਚੁੱਕੀ ਗਈ ਤੂੜੀ ਤੋਂ ਬਾਅਦ ਰੜਕੇ ਨਾਲ ਇਕੱਠੀ ਕਰਕੇ ਪੰਡ ਬੰਨ੍ਹਕੇ ਪਸ਼ੂਆਂ ਲਈ ਸਾਇਕਲ ਤੇ ਲੱਦ ਕੇ ਘਰ ਨੂੰ ਲਿਜਾ ਰਿਹਾ ਸੀ ਜੋ ਉਚ ਜਾਤਿ ਨਾਲ ਸਬੰਧਤ ਵਿਅਕਤੀ ਵਲੋਂ ਬਰਦਾਸ਼ਤ ਨਹੀਂ ਹੋਇਆ। ਉਸਨੇ ਉਹਨਾਂ ਦੀ ਲੜਕੀ ਅਤੇ ਸਾਡੇ ਸਾਹਮਣੇ ਹੀ ਬਲਕਾਰ ਚੰਦ ਦੀ ਧੋਣ ਦਾਤਰ ਨਾਲ ਕੱਟਕੇ ਧੜ ਨਾਲੋਂ ਅਲੱਗ ਕਰ ਦਿੱਤੀ। ਇਸ ਮੌਕੇ ਅਸ਼ੋਕਪਾਲ ਵਲੋਂ ਕਨੇਡਾ ਵਾਸੀ ਬਲਜਿੰਦਰ ਕੌਰ ,ਅਜੇ ਤਨਵੀਰ ਸਮੇਤ ਸਮੁੱਚੇ ਪਰਿਵਾਰ ਦੇ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਹਨਾਂ ਦੱਸਿਆ ਕਿ ਲੜਕੇ ਦੀ ਕਤਲ ਦੀ ਖਬਰ ਪੜ੍ਹਕੇ ਬਹੁਤ ਸਾਰੇ ਸਿਆਸੀ ਪਾਰਟੀਆਂ ਦੇ ਆਗੂ ਉਹਨਾਂ ਦੇ ਗਰੀਬ ਖਾਨੇ ਵਿਚ ਪੁੱਜੇ ਪ੍ਰੰਤੂ ਇਸ ਤਰ੍ਹਾਂ ਦੀ ਨਗਦੀ ਸਹਾਇਤਾ ਕਿਸੇ ਨੇ ਵੀ ਨਹੀਂ ਕੀਤੀ। ਉਹਨਾਂ ਦੱਸਿਆ ਕਿ ਲੋਕ ਸਭਾ ਮੈਂਬਰ ਅਤੇ ਕੇਂਦਰੀ ਮੰਤਰੀ ਬੀਬੀ ਸੰਤੋਸ਼ ਚੋਧਰੀ ਉਹਨਾਂ ਦੇ ਘਰ ਲੜਕੇ ਦੇ ਅਫਸੋਸ ਲਈ ਪੁੱਜੇ ਪ੍ਰੰਤੂ ਉਹਨਾਂ ਆਪਣੇ ਅਖਿਤਿਆਰੀ ਫੰਡ ਵਿਚੋਂ ਪਰਿਵਾਰ ਦੀ ਸਹਾਇਤਾ ਕਰਨ ਦੀ ਬਜਾਏ ਪਿੰਡ ਦੇ ਵਿਕਾਸ ਲਈ 10 ਲੱਖ ਰੁਪਿਆ ਪੰਚਾਇਤ ਨੂੰ ਦੇ ਦਿੱਤਾ ਜਿਸਦਾ ਉਹਨਾਂ ਨੂੰ ਕੋਈ ਲਾਭ ਨਹੀਂ ਹੋਇਆ। ਇਸੇ ਦੌਰਾਨ ਅਮਰੀਕਾ ਤੋਂ ਉਘੇ ਲੇਖਕ ਪੱਤਰਕਾਰ ਐਸ ਅਸ਼ੋਕ ਭੌਰਾ ਵਲੋਂ ਪੀੜਤ ਪਰਿਵਾਰ ਨੂੰ 25 ਹਜਾਰ ਰੁਪਿਆ ਖਬਰ ਪੜ੍ਹਕੇ ਦੇਣ ਦਾ ਐਲਾਨ ਕੀਤਾ।

## ਸਿੱਖ ਸਪੋਰਟਸ ਐਸੋਸੀਏਸ਼ਨ ਦੀਆਂ 7 ਵੀਆਂ ਸਲਾਨਾ ਖੇਡਾਂ 20 ਅਤੇ 21 ਜੁਲਾਈ ਨੂੰ, ਤਿਆਰੀਆਂ ਮੁਕੰਮਲ




ਫਰੀਮਾਂਟ (ਬਿਊਰੋ) ਸਿੱਖ ਸਪੋਰਟਸ ਕਲੱਬ ਵੱਲੋਂ ਜੇਮਸ ਲੋਗਨ ਹਾਈ ਸਕੂਲ ਵਿਖੇ ਹਮੇਸ਼ਾਂ ਦੀ ਤਰ੍ਹਾਂ 7ਵੀਆਂ ਸਾਲਾਨਾ ਖੇਡਾਂ 20 ਅਤੇ 21 ਜੁਲਾਈ ਨੂੰ ਕਰਵਾਈਆ ਜਾ ਰਹੀਆ ਹਨ। ਟੀਮ ਦੀ ਆਨਲਾਈਨ ਰਜਿਸਟ੍ਰੇਸ਼ਨ www. sikh sports. com ’ਤੇ ਕੀਤੀ ਜਾ ਸਕਦੀ ਹੈ। ਹਾਕੀ, ਫ਼ੁੱਟਬਾਲ, ਵਾਲੀਬਾਲ, ਬਾਸਕਟਬਾਲ, ਟਰੈਕ, ਫੀਲਡ ਦੀਆਂ ਟੀਮਾਂ ਧੜਾ-ਧੜ ਰਜਿਸਟਰਡ ਹੋ ਰਹੀਆਂ ਹਨ। ਐਸੋਸੀਏਸ਼ਨ ਵੱਲੋਂ ਯੂਨਾਈਟਡ ਸਪੋਰਟਸ ਕੱਲਬ, ਅਮੋਲਕ ਸਿੰਘ ਗਾਖਲ, ਕਿੰਗ ਸਪੋਰਟਸ ਕੱਲਬ ਸੈਕਰਾਮੈਂਟੋ, ਯੂਬਾ ਸਿਟੀ ਕੱਬਡੀ ਟੀਮ ਦਾ ਆਨਲਾਈਨ ਰਜਿਸਟ੍ਰੇਸ਼ਨ ਕਰਵਾਉਣ ਲਈ ਵਿਸ਼ੇਸ਼ ਤੌਰ ’ਤੇ ਧੰਨਵਾਦ ਕੀਤਾ ਗਿਆ ਹੈ। ਫੋਨ ਤੇ ਇਸ ਪੱਤਕਾਰ ਨਾਲ ਗੱਲਬਾਤ ਕਰਦਿਆਂ ਐਸੋਸੀਏਸ਼ਨ ਦੇ ਚੇਅਰਮੈਨ ਹਰਵਿੰਦਰ ਸਿੰਘ ਧਾਰੀਵਾਲ ਨੇ ਦੱਸਿਆ ਕਿ ਇਸ ਸਾਲ ਇਸ ਸਲਾਨਾ ਖੇਡਾ ਪ੍ਰਤੀ ਲੋਕਾ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

ਨਾਲ ਹੀ ਉਹਨਾਂ ਵੱਲੋਂ ਬੇਨਤੀ ਕੀਤੀ ਗਈ ਹੈ ਕਿ 14 ਜੁਲਾਈ ਤੱਕ ਆਪਣੀਆਂ ਟੀਮਾਂ ਰਜਿਸਟਰਡ ਕਰਵਾ ਲੈਣ ਤਾ ਜੋ ਸਮੇਂ ਸਿਰ ਉਨ੍ਹਾਂ ਨੂੰ ਸ਼ਡਿਊਲ ਜਾਰੀ ਕੀਤੇ ਜਾ ਸਕਣ। ਉਨ੍ਹਾਂ ਕਿਹਾ ਕਿ ਸਾਨੂੰ 1500 ਤੋਂ ਵੱਦ ਖਿਡਾਰੀਆ ਲਈ ਲੋੜੀਦੇ ਪ੍ਰਬੰਧ ਕਰਨ ਲਈ ਇੱਕ ਹਫ਼ਤੇ ਦਾ ਸਮਾਂ ਚਾਹੀਦਾ ਹੈ।

## ਬਸਪਾ ਦੇ ਧੁਨੰਤਰ ਪੰਚਾਇਤੀ ਚੋਣਾਂ ’ਚ ਹਾਰੇ

# ਬਸਪਾ ਦੇ ਸੂਬਾ ਜਨਰਲ ਸਕੱਤਰ ਦੇ ਘਰਵਾਲੀ ਤੇ ਤਹਿਸੀਲ ਪ੍ਰਧਾਨ ਸਰਪੰਚੀ ਦੀ ਚੋਣ ਹਾਰੇ

ਫਗਵਾੜਾ (ਬੀ. ਕੇ. ਰੱਤੂ) ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਕਾਂਗਰਸ ਪਾਰਟੀ ਨਾਲ ਗਠਜੋੜ ਕਰਕੇ ਜਿੱਤ ਦਾ ਤਾਜ ਆਪਣੇ ਸਿਰ ਸਜਾਉਣ ਵਾਲੇ ਬਹੁਜਨ ਸਮਾਜ ਪਾਰਟੀ ਦੇ ਸੂਬਾ ਜਨਰਲ ਸਕੱਤਰ ਜਰਨੈਲ ਨੰਗਲ ਦੀ ਘਰਵਾਲੀ ਸ਼੍ਰੀਮਤੀ ਸੁਨੀਤਾ ਰਾਣੀ ਆਪਣੇ ਪਿੰਡ ਨੰਗਲ ਤੋਂ ਪੰਚਾਇਤੀ ਚੋਣਾਂ ’ਚ ਸਰਪੰਚੀ ਦੀ ਚੋਣ ਹਾਰ ਗਈ। ਇਨ੍ਹਾਂ ਪੰਚ-ਾਇਤੀ ਚੋਣਾਂ ਵਿੱਚ ਬਸਪਾ ਦੇ ਨਵਨਿਯੁਕਤ ਤਹਿਸੀਲ ਪ੍ਰਧਾਨ ਰਾਮਮੂਰਤੀ ਖੇੜਾ ਵੀ ਆਪਣੇ ਜੱਦੀ ਪਿੰਡ ਖੇੜਾ ਤੋਂ ਬੁਰੀ ਤਰ੍ਹਾਂ ਸਰਪੰਚੀ ਦੀ ਚੋਣ ਹਾਰ ਗਏ ਹਨ। ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਬਸਪਾ ਦੇ ਸੂਬਾ ਜਨਰਲ ਸਕੱਤਰ ਜਰਨੈਲ ਨੰਗਲ ਨੇ ਕਾਂਗਰਸ ਨਾਲ ਸਮਝੋਤਾ ਕਰਕੇ ਸੰਮਤੀ ਦੀਆਂ 9 ਸੀਟਾਂ ਵਿੱਚੋਂ 7 ਸੀਟਾਂ ਅਤੇ ਜ਼ਿਲ੍ਹਾ ਪ੍ਰੀਸ਼ਦ ਦੀ ਇੱਕ ਸੀਟ ਤੇ ਜਿੱਤ ਪ੍ਰਾਪਤ ਕੀਤੀ ਸੀ, ਪਰ ਪੰਚਾਇਤੀ ਚੋਣਾਂ ਵਿੱਚ ਬਸਪਾ ਦੇ ਸੂਬਾ ਜਨਰਲ ਸਕੱਤਰ ਜਰਨੈਲ ਨੰਗਲ ਨੇ ਆਪਣੀ ਪਤਨੀ ਸੁਨੀਤਾ ਰਾਣੀ ਸਰਪੰਚੀ ਚੋਣ ਲਈ ਪਿੰਡ ਨੰਗਲ ਤੋਂ ਚੋਣ ਮੈਦਾਨ ’ਚ ਉਤਾਰਿਆ। ਸਰਪੰਚੀ ਦੇ ਐਲਾਨੇ ਨਤੀਜਿਆਂ ’ਚ ਸ਼੍ਰੀਮਤੀ ਸੁਨੀਤਾ ਰਾਣੀ ਹਾਰ ਗਈ, ਜਿਸ ਨਾਲ ਜਰਨੈਲ ਨੰਗਲ ਦੇ ਸਿਆਸੀ ਕੱਦ ਤੇ ਸੱਟ ਵੱਜੇਗੀ।



ਤਹਿਸੀਲ ਪ੍ਰਧਾਨ ਰਾਮਮੂਰਤੀ ਖੇੜਾ

ਇਸੇ ਤਰ੍ਹਾਂ ਇਨ੍ਹਾਂ ਚੋਣਾਂ ’ਚ ਬਸਪਾ ਦੇ ਤਹਿਸੀਲ ਪ੍ਰਧਾਨ ਰਾਮਮੂਰਤੀ ਖੇੜਾ ਨੂੰ ਵੀ ਬੁਰੀ ਤਰ੍ਹਾਂ ਹਾਰ ਦਾ ਸਾਹਮਣਾ ਕਰਨਾ ਪਿਆ। ਜ਼ਿਕਰਯੋਗ ਹੈ ਕਿ ਸੂਬਾ ਜਨਰਲ ਸਕੱਤਰ ਜਰਨੈਲ ਨੰਗਲ ਦੀ ਪਤਨੀ ਅਤੇ ਤਹਿਸੀਲ ਪ੍ਰਧਾਨ ਹਾਰ ਜਾਣ ਨਾਲ ਪਾਰਟੀ ਦੇ ਵੱਕਾਰ ਨੂੰ ਸੱਟ ਵੱਜੇਗੀ ਉੱਥੇ ਹੀ ਜਰਨੈਲ ਨੰਗਲ ਵਲੋਂ ਨਿਯੁਕਤ ਕੀਤੇ ਤਹਿਸੀਲ ਪ੍ਰਧਾਨ ਰਾਮ-ਮੂਰਤੀ ਖੇੜਾ ਦੀ ਪ੍ਰਧਾਨਗੀ ਤੇ ਵੀ ਪ੍ਰਸ਼ਨਚਿੰਨ੍ਹ ਲਗਾ ਦਿੱਤਾ ਹੈ ਹੁਣ ਦੇਖਣਾ ਇਹ ਹੋਵੇਗਾ ਕਿ ਨਵਨਿਯੁਕਤ ਪ੍ਰਧਾਨ ਰਾਮਮੂਰਤੀ ਖੇੜਾ ਆਪਣੇ ਜੱਦੀ ਪਿੰਡ ਤੋਂ ਸਰਪੰਚੀ ਦੀ ਚੋਣ ਹਾਰਨ ਤੋਂ ਬਾਅਦ ਆਪਣੀ ਪ੍ਰਧਾਨਗੀ ਦੀ ਕੁਰਸੀ ਬਚਾਉਣ ਲਈ ਪਾਰਟੀ ਹਾਈਕਮਾਂਡ ਨੂੰ ਕਿਸ ਤਰ੍ਹਾਂ ਦੀ ਦਲੀਲ ਦਿੰਦੇ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਤਹਿਸੀਲ ਪ੍ਰਧਾਨ ਰਾਮਮੂਰਤੀ ਖੇੜਾ ਨੂੰ ਹਰਾਉਣ ਲਈ ਬਸਪਾ ਦੇ ਇੱਕ ਸੀਨੀਅਰ ਆਗੂ ਤੇ ਜਰਨੈਲ ਨੰਗਲ ਦੇ ਬਹੁਤ ਹੀ ਕਰੀਬੀ ਸਾਥੀ ਦੀ ਅਹਿਮ ਭੂਮਿਕਾ ਰਹੀ ਹੈ। ਇੱਥੇ ਇਹ ਜ਼ਿਕਰਯੋਗ ਹੈ ਕਿ ਖੇੜਾ ਪਿੰਡ ਤੋਂ ਬਸਪਾ ਲਗਾਤਾਰ ਜਿੱਤਦੀ ਆ ਰਹੀ ਹੈ ਪਿਛਲੇ ਦਿਨੀਂ ਹੋਈਆਂ ਬਲਾਕ ਸੰਮਤੀ ਚੋਣਾਂ ਵਿੱਚ ਪਿੰਡ ਖੇੜਾ ਦੇ ਆਗੂ ਨੇ ਬਲਾਕ ਸੰਮਤੀ ਚੋਣ ਜਿੱਤੀ ਸੀ।

# ਅਖਿਲ ਭਾਰਤੀਯ ਸਮਤਾ ਸੈਨਿਕ ਦਲ ਕਿਆ ਔਰ ਕਿਓਂ?



ਸੈਕਰਾਮੈਂਟੋ (ਡੀ ਡੀ ਬੀ)- ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮਰਾਓ ਰਾਮ ਜੀ ਅੰਬੇਦਕਰ ਭਾਰਤ ਅਤੇ ਭਾਰਤ ਦੇ ਲੋਕ ਭਲੇ ਹਿਤ ਬੇਮਿਸਾਲ ਇਕ ਅਹਿਮ ਸ਼ਖਸੀਅਤ, ਜਿਸ ਨੂੰ ਭਾਰਤ ਵਿਚ ਮਨੁੱਖੀ ਅਧਿਕਾਰਾਂ ਦੇ ਚੈਂਪੀਅਨ ਵਜੋਂ ਵੀ ਜਾਣਿਆ ਜਾਂਦਾ ਹੈ। ਉਹਨਾਂ ਭਾਰਤ ਦੇ ਲੋਕਾਂ, ਖਾਸ ਕਰਕੇ ਭਾਰਤ ਦੇ ਮੂਲ ਨਿਵਾਸੀ ਵਰਗ ਅਤੇ ਸਮੂਹ ਔਰਤ ਵਰਗ ਦੀ ਭਲਾਈ ਲਈ ਅਨੇਕਾਂ ਯੋਜਨਾਵਾਂ ਭਾਰਤ ਦੀ ਝੋਲੀ ਪਾਈਆਂ, ਦੱਬੇ ਕੁਚਲੇ ਲੋਕਾਂ ਵਿਚ ਚੇਤਨਾ ਭਰਨ ਲਈ ਜਿੱਥੇ ਅਖ਼ਬਾਰ ਸ਼ੁਰੂ ਕੀਤੇ, ਉਥੇ ਕਈ ਸਮਾਜਿਕ ਅਤੇ ਰਾਜਨੀਤਿਕ ਸੰਗਠਨ ਵੀ ਤਿਆਰ ਕੀਤੇ, ਜਿਹਨਾਂ ਵਿਚੋਂ "ਅਖਿਲ ਭਾਰਤੀਯ ਸਮਤਾ ਸੈਨਿਕ ਦਲ’ ਨਾਂ ਦਾ ਸੰਗਠਨ 13 ਮਾਰਚ 1927 ਨੂੰ ਹੋਂਦ ਵਿਚ ਲਿਆਂਦਾ। ਇਸ ਸੰਗਠਨ ਸਬੰਧਤ ਡਾ. ਸੁਰਿੰਦਰ ਅਜਨਾਤ ਜੀ ਨੇ 'ਅਖਿਲ ਭਾਰਤੀਯ ਸਮਤਾ ਸੈਨਿਕ ਦਲ ਕਿਹਾ ਔਰ ਕਿਉਂ” ਨਾਮੀ ਇਕ ਛੋਟੀ ਪਰ ਸੰਖੇਪ ਭਰਪੂਰ ਜਾਣਕਾਰੀ ਪ੍ਰਦਾਨ ਕਰਦੀ ਮਿੰਨੀ ਬੁੱਕ 'ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ:) ਪੰਜਾਬ ਸ਼ਾਖਾ ਵੱਲੋਂ ਹਿੰਦੀ ਵਿਚ ਪ੍ਰਕਾਸ਼ਿਤ ਕੀਤੀ ਗਈ। ਚਾਲੀ ਸਫਿਆਂ ਦੀ ਮਿੰਨੀ ਬੁੱਕ ਦੀ ਕੀਮਤ ਦਸ ਰੁਪਏ ਪ੍ਰਤੀ ਕਾਪੀ ਹੈ, ਜਿਸ ਦੀ ਛਪਾਈ ਲਈ ਨਾਮਵਰ ਗੀਤਕਾਰ ਮੱਖਣ ਲੁਹਾਰ ਦੀ ਪ੍ਰੇਰਨਾ ਤਹਿਤ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੀਫੋਰਨੀਆ) ਦੇ ਮੌਜੂਦਾ ਚੇਅਰਮੈਨ ਸੁੱਚਾ ਰਾਮ ਭਾਰਟਾ ਨੇ ਮਦਦ ਕੀਤੀ। ਪਿਛਲੇ ਦਿਨੀਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਕੈਲੇਫੋਰਨੀਆ) ਦੇ ਲੰਗਰ ਹਾਲ ਵਿਖੇ "ਅੰਬੇਦਕਰ ਟਾਈਮਜ਼’’ ਅਤੇ "ਦੇਸ਼ ਦੁਆਬਾ’’ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਤੇ ਸਤਨਾਮ ਸਿੰਘ ਮੰਡਾਲੀ, ਡਾ ਰੰਧਾਵਾ, ਸੁਖਬੀਰ ਹੀਰ, ਤੇਜਪਾਲ ਰੰਧਾਵਾ, ਸਰਵ ਸ੍ਰੀ ਮੱਖਣ ਲੁਹਾਰ, ਸੁੱਚਾ ਰਾਮ ਭਾਰਟਾ, ਗਿਆਨ ਚੰਦ ਕਾਜਲਾ ਆਦਿ ਇਸ ਵਡਮੁੱਲੀ ਮਿੰਨੀ ਬੁੱਕ ਨਾਲ ਦਿਖਾਈ ਦੇ ਰਹੇ ਹਨ।

*(ਫੋਟੋ ਤੇ ਵੇਰਵਾ, ਦੇਸ਼ ਦੁਆਬਾ ਬਿਊਰੋ)*

# ਉਤਰਾਖੰਡ ’ਚ ਆਈ ਕੁਦਰਤੀ ਆਫਤ ’ਚ ਘਰੋਂ ਬੇਘਰ ਹੋਏ ਲੋਕਾਂ ਦੇ ਮੁੜ ਵਸੇਵੇ ਲਈ ਵੱਧ ਤੋਂ ਵੱਧ ਦਾਨ ਦਿਉ- ਕੈਂਥ

## ਸਰਬ ਨੋਜਵਾਨ ਸਭਾ ਨੇ ਉਤਰਾਖੰਡ ਦੇ ਰਾਹਤ ਕਾਰਜ ਲਈ 5100 ਰੁਪਏ ਦਾ ਸਹਿਯੋਗ ਦਿੱਤਾ

ਫਗਵਾੜਾ (ਬੀ.ਕੇ.ਰੱਤੂ) ਹਲਕਾ ਵਿਧਾਇਕ ਤੇ ਮੁੱਖ ਪਾਰਲੀਮਾਨੀ ਸਕੱਤਰ ਸੋਮ ਪ੍ਰਕਾਸ਼ ਕੈਂਥ ਵਲੋਂ ਉਤਰਾਖੰਡ 'ਚ ਆਈ ਕੁਦਰਤੀ ਆਫਤ ਵਿੱਚ ਘਰੌਂ ਤੋਂ ਬੇਘਰ ਹੋਏ ਲੋਕਾਂ ਦੇ ਮੁੜ ਵਸੇਵੇ ਲਈ ਇਕੱਠੀ ਕੀਤੀ ਜਾ ਰਹੀ ਰਾਸ਼ੀ ਵਿੱਚ ਸਮਾਜ ਸੇਵਾ ਦੇ ਕੰਮਾਂ ਕਰਕੇ ਆਪਣੀ ਪਹਿਚਾਣ ਬਣਾਉਣ ਵਾਲੀ ਸਮਾਜ ਸੇਵੀ ਸੰਸਥਾ ਸਰਬ ਨੋਜਵਾਨ ਸਭਾ (ਰਜਿ:) ਵਲੋਂ ਸਰਪ੍ਰਸਤ ਸਤਪਾਲ ਲਾਬਾਂ ਤੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਸਭਾ ਨੇ ਆਪਣਾ ਸਹਿਯੋਗ ਦਿੰਦੇ ਹੋਏ 5100 ਰੁਪਏ ਸ੍ਰੀ ਸੋਮ ਪ੍ਰਕਾਸ਼ ਕੈਂਥ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਭੇਂਟ ਕੀਤੇ। ਇਸ ਮੋਕੇ ਸੋਮ ਪ੍ਰਕਾਸ਼ ਕੈਂਥ ਨੇ ਸਭਾ ਦੀ ਸਮੁੱਚੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਲੋੜਵੰਦਾਂ ਦੀ ਮਦੱਦ ਕਰਨ ਨਾਲ ਪ੍ਰਮਾਤਮਾ ਖੁਸ਼ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਲੋੜਵੰਦ ਤੇ ਗਰੀਬ ਲੋਕਾਂ ਦੀ ਸੇਵਾ ਕਰਨ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਕੈਂਥ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਓਤਰਾਖੰਡ 'ਚ ਆਈ ਕੁਦਰਤੀ ਆਫਤ ਦੋਰਾਨ ਘਰੋਂ ਬੇਘਰ ਹੋਏ ਲੋਕਾਂ ਦੇ ਮੁੜ ਵਸੇਵੇ ਲਈ ਸਾਨੂੰ ਵੱਧ ਤੋਂ ਵੱਧ ਦਾਨ ਦੇਣਾ ਚਾਹੀਦਾ ਹੈ।ਇਸ ਮੋਕੇ ਸਭਾ ਦੇ ਉਪ ਚੇਅਰਮੈਨ ਬਿਕਰਮਜੀਤ ਸਿੰਘ ਵਾਲੀਆ ਨੇ ਕਿਹਾ ਕਿ ਹਲਕਾ ਵਿਧਾਇਕ ਤੇ ਮੁੱਖ ਸੰਸਦੀ ਸਕੱਤਰ ਵਲੋਂ ਓਤਰਾਖੰਡ ਦੇ ਵਾਸੀਆਂ ਲਈ ਮੁੜ ਵਸੇਵੇ ਸਹਾਇਤਾ ਰਾਸ਼ੀ ਕਰਨ ਦਾ ਉਪਰਾਲਾ ਬਹੁਤ ਹੀ ਸਲਾਘਾਯੋਗ ਹੈ, ਇਸ ਲਈ ਸੋਮ ਪ੍ਰਕਾਸ਼ ਕੈਂਥ ਤੇ ਉਨ੍ਹਾਂ ਦੀ ਟੀਮ ਵਧਾਈ ਪਾਤਰ ਹੈ। ਵਾਲੀਆ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਮੁਸੀਬਤ ਵੇਲੇ ਲੋੜਵੰਦਾਂ ਦੀ ਜਿੰਨੀ ਹੋ ਸਕੇ ਉਨੀਂ ਮਦੱਦ ਕਰਨੀ ਚਾਹੀਦੀ ਹੈ। ਇਸ ਮੋਕੇ ਸਮਾਜ ਸੇਵਕ ਬਲਬੀਰ ਗੋਸਲ, ਰਮੇਸ਼ ਅਰੋੜਾ, ਰਮੇਸ਼ ਸਰੋਆ, ਸੋਨੂੰ ਪ੍ਰੀਤ ਨਗਰ, ਮਾ.ਹਰਜਿੰਦਰ ਗੋਗਨਾ, ਕੁਲਦੀਪ, ਨਿਰੰਜਣ ਸਿੰਘ ਬਿਲਖੂ, ਜੁਨੇਸ਼ ਜੈਨ, ਰਵਿੰਦਰ ਸਿੰਘ ਰਾਏ ਆਦਿ ਮੋਜੂਦ ਸਨ।



# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਮੀਟਿੰਗ







ਸੈਕਰਾਮੈਂਟੋ (ਯੂਬਾ ਸਿਟੀ)- ਯੂਬਾ ਸਿਟੀ ਇਕਾਈ ਦੀ ਮਹੀਨੇਵਾਰ ਮੀਟਿੰਗ ਕੰਟਰੀ ਲੀਫ ਰੈਸਟੋਰੈਂਟ ਯੂਬਾ ਸਿਟੀ ਵਿਖੇ ਬੀਤੀ 30 ਜੂਨ ਨੂੰ 11 ਤੋਂ 6 ਵਜੇ ਤੱਕ ਆਯੋਜਿਤ ਕੀਤੀ ਗਈ। ਇਸ ਵਿਚ ਸਭ ਤੋਂ ਪਹਿਲਾਂ ਪ੍ਰਧਾਨ ਦਲਵੀਰ 'ਦਿਲ' ਨਿੱਜਰ ਨੇ ਜੀ ਆਇਆਂ ਆਖਿਆ ਅਤੇ ਉਤਰਾਖੰਡ ਵਿਚ ਆਏਂ ਕੁਦਰਤੀ ਆਫਤ ਕਾਰਨ ਹੋਏ ਜਾਨੀ ਤੇ ਮਾਲੀ ਨੁਕਸਾਨ ਉਤੇ ਦੁੱਖ ਪ੍ਰਗਟ ਕੀਤਾ ਅਤੇ ਨਾਲ ਹੀ ਪ੍ਰਸਿੱਧ ਕਹਾਣੀਕਾਰ ਰਾਜਿੰਦਰ ਕੌਰ ਦੀ ਮੌਤ 'ਤੇ ਦੁੱਖ ਪ੍ਰਗਟ ਕੀਤਾ ਗਿਆ। ਸਭਾ ਦੇ ਸਟਾਕਟਨ ਯੂਨਿਟ ਦੇ ਮੈਂਬਰ ਵਿੱਕੀ ਹੀਰ ਦੇ ਪਰਿਵਾਰ ਵਿਚ ਅਚਾਨਕ ਹੋਈ ਮੌਤ ਤੇ ਅਫਸੋਸ ਪ੍ਰਗਟ ਕੀਤਾ ਗਿਆ ਅਤੇ ਸਾਰਿਆਂ ਨੇ ਇਹਨਾਂ ਘਟਨਾਵਾਂ ਵਿਚ ਜਾਨ ਗੁਆ ਚੁੱਕੇ ਲੋਕਾਂ ਲਈ ਇੱਕ ਮਿੰਟ ਦਾ ਮੌਨ ਕੀਤਾ।

ਸਭਾ ਦੇ ਸੈਕਟਰੀ ਜਸਵੰਤ ਸ਼ੀਮਾਰ ਨੇ ਸਟੇਜ ਸੰਭਾਲ ਅਤੇ ਪ੍ਰਿੰਸੀਪਲ ਕੁਲਦੀਪ ਕਲਪਨਾ, ਦਲਵੀਰ 'ਦਿਲ' ਨਿੱਜਰ, ਮਹਿੰਦਰ ਘੱਗ, ਹਰਬੰਸ ਜਗਿਆਸੂ ਅਤੇ ਸਟਾਕਟਨ ਯੂਨਿਟ ਦੇ ਪ੍ਰਧਾਨ ਹਰਜਿੰਦਰ ਸਿੰਘ ਪੰਧੇਰ ਨੂੰ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਕੀਤਾ।

ਇਸ ਤੋਂ ਬਾਅਦ ਕਹਾਣੀ ਦਾ ਦੌਰ ਆਰੰਭ ਹੋਇਆ, ਜਿਸ ਵਿਚ ਸਭਾ ਦੇ ਮੈਂਬਰ ਇੰਦਰਜੀਤ ਗਰੇਵਾਲ ਦੇ ਖੁਦਕੁਸ਼ੀ ਜਾਂ ਕਤਲ, ਹਰਜਿੰਦਰ ਪੰਧੇਰ ਨੇ ਕੱਚ ਦੀਆਂ ਤੰਦਾਂ, ਮਹਿੰਦਰ ਘੱਗ ਨੇ ਸਰਫਰੋਸ ਅਤੇ ਕਹਾਣੀਕਾਰ ਰਾਬਿੰਦਰ ਅਟਵਾਲ ਦੀ ਕਹਾਣੀ ਬਿਨਾਂ ਮੰਜ਼ਿਲ ਦਾ ਸਫਰ ਦਲਵੀਰ 'ਦਿਲ' ਨਿੱਜਰ ਵੱਲੋਂ ਪੜ੍ਹੀ ਗਈ। ਕਹਾਣੀ ਤੋਂ ਬਾਅਦ ਪ੍ਰਿੰਸੀਪਲ ਕੁਲਦੀਪ ਕਲਪਨਾ, ਪ੍ਰਸਿੱਧ ਨਾਵਲਕਰ ਕੇਵਲ ਨਲੋਟੀ, ਦਲਵੀਰ 'ਦਿਲ' ਨਿੱਜਰ ਨੇ ਕਹਾਣੀਆਂ ਤੇ ਵਿਚਾਰ ਵਟਾਂਦਰਾ ਕੀਤਾ। ਕਹਾਣੀ ਦਰਬਾਰ ਤੋਂ ਬਾਅਦ ਸਭਾ ਦੇ ਮੈਂਬਰ ਨਿਰਮਲ ਸਿੰਘ ਲਾਲੀ ਦੀਆਂ ਦੋ ਕਿਤਾਬਾਂ ਲੋਕ ਅਰਪਿਤ ਕੀਤੀਆਂ ਗਈਆਂ ਅਤੇ ਸਭਾ ਵੱਲੋਂ ਨਿਰਮਲ ਸਿੰਘ ਲਾਲੀ ਨੂੰ ਸਨਮਾਨਿਤ ਕੀਤਾ ਗਿਆ। ਇਸਦੇ ਨਾਲ ਹੀ ਸਭਾ ਵੱਲੋਂ ਕਹਾਣੀਕਾਰ ਰਾਬਿੰਦਰ ਅਟਵਾਲ ਅਤੇ ਪ੍ਰਿੰਸੀਪਲ ਕੁਲਦੀਪ ਕਲਪਨਾ, ਕੇਵਲ ਕਲੋਟੀ ਅਤੇ ਚਾਰ ਬੱਚੇ, ਜਿਹਨਾਂ ਨੇ ਵੱਖ ਵੱਖ ਸਮੇਂ ਸਭਾ ਵਿਚ ਭਾਗ ਲਿਆ ਅਤੇ ਲੈਂਦੇ ਆ ਰਹੇ ਹਨ, ਜਿਹਨਾਂ ਦੇ ਨਾਂ ਹਨ ਖੁਸ਼ੀ ਰੱਤੂ, ਪਰਮਵੀਰ ਢਿੱਲੋਂ, ਗੁਰਕੰਵਲ ਢਿੱਲੋਂ, ਲਵਪ੍ਰੀਤ ਕੌਰ ਢਿੱਲੋਂ ਨੂੰ ਸਨਮਾਨਿਤ ਕੀਤਾ। ਇਸ ਤੋਂ ਬਾਅਦ ਲੰਚ ਦਾ ਆਨਦ ਮਾਣਿਆ ਗਿਆ। ਲੰਚ ਤੋਂ ਬਾਅਦ ਕਵੀ ਦਰਬਾਰ ਦੀ ਸ਼ੁਰੂਆਤ ਸਭਾ ਦੇ ਮੀਤ ਪ੍ਰਧਾਨ ਗੁਰਬਚਨ ਚੋਪੜਾ ਵੱਲੋਂ ਕੀਤੀ ਗਈ। ਜਿਸ ਵਿਚ ਵੱਖ ਵੱਖ ਕਵੀਆਂ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ, ਜਿਹਨਾਂ ਵਿਚ ਦਲਵੀਰ 'ਦਿਲ' ਨਿੱਜਰ, ਮਹਿੰਦਰ ਸਿੰਘ ਘੱਗ, ਹਰਜਿੰਦਰ ਸਿੰਘ ਪੰਧੇਰ, ਰਾਬਿੰਦਰ ਸਿੰਘ ਅਟਵਾਲ, ਇੰਦਰਜੀਤ ਗਰੇਵਾਲ, ਪ੍ਰੀਤਮ ਚੰਦ ਲੀਲ, ਜਗਤਾਰ ਸਿੰਘ ਭੋਗਲ, ਦਿਆਲ ਰਮਨ, ਸੰਤੋਖ ਸਿੰਘ, ਹਰਿਭਜਨ ਢੇਰੀ, ਗੁਰਿੰਦਰ ਸਿੰਘ, ਸਮਿੱਤਰ ਓਪਲ, ਮਾਸਟਰ ਨਿਰਮਲ ਸਿੰਘ ਲਾਲੀ, ਕਿਰਪਾਲ ਸਿੰਘ, ਦਿਲਬਾਗ ਸਿੰਘ, ਗੁਰਬਚਨ ਚੋਪੜਾ, ਅਜਮੇਰ ਸਿੰਘ ਸੰਧੂ, ਪਰਮਿੰਦਰ ਸਿੰਘ, ਦਲਜੀਤ ਸੂਦ, ਜਸ ਫ਼ਿਜ਼ਾ, ਹਰਬੰਸ ਜਗਿਆਸੂ, ਜਸਵੰਤ ਜੱਸੀ ਸ਼ੀਮਾਰ, ਦਵਿੰਦਰ ਸਿੰਘ ਵਡਿਆਲ, ਪਿਆਰਾ ਸਿੰਘ ਗੋਸਲ, ਜੀਵਨ ਰੱਛੂ, ਗੁਰਪਾਲ ਖਹਿਰਾ, ਮਨਜੀਤ ਕੌਰ ਸੇਖੋਂ ਅਤੇ ਗੋਗੀ ਸੰਧੂ ਨੇ ਹਰਮੋਨੀਅਮ ਨਾਲ ਗਾ ਕੇ ਰੰਗ ਬੰਨ੍ਹਿਆ। ਇਸ ਸਭਾ ਵਿਚ ਹਰਬੰਸ ਸਿੰਘ ਪੰਮਾ ਅਤੇ ਜਥੇਦਾਰ ਰਾਜਿੰਦਰ ਸਿੰਘ ਨੰਗਰ ਖੁੰਗਾ ਨੇ ਖਾਸ ਤੌਰ ਤੇ ਸ਼ਿਰਕਤ ਕੀਤੀ ਅਤੇ ਪੰਜਾਬ ਦੇ ਹਾਲਾਤਾਂ ਤੋਂ ਜਾਣੂ ਕਰਵਾਇਆ ਅਤੇ ਹੋਰ ਵੀ ਸਭਿਆਚਾਰਕ ਅਤੇ ਸਮਾਜ ਨੂੰ ਸੇਧ ਦੇਣ ਵਾਲਾ ਸਾਹਿਤ ਲਿਖਣ ਲਈ ਪ੍ਰੇਰਿਤ ਕੀਤਾ।

ਕੈਰੀ ਲੀਫ ਦੇ ਮਾਲਕ ਤਰਨਜੀਤ ਕੌਰ ਨੇ ਦਿਲ ਖੋਲ੍ਹ ਕੇ ਸੇਵਾ ਕੀਤੀ ਅਤੇ ਖਿੜੇ ਮੱਥੇ ਜੀ ਆਇਆਂ ਆਖਿਆ ਜੋ ਕਿ ਉਹਨਾਂ ਦੇ ਸੁਭਾਅ ਦਾ ਬਹੁਤ ਹੀ ਵੱਡਾ ਗੁਣ ਹੈ। ਸਭਾ ਦੀ ਮੀਟਿੰਗ ਤੇ ਫੋਟੋਆਂ ਖਿੱਚਣ ਦੀ ਸੇਵਾ ਦਵਿੰਦਰ ਸਿੰਘ ਵਡਿਆਲ ਨੇ ਕੀਤੀ। ਅੰਤ ਵਿਚ ਜੇ ਕਿਸੇ ਦਾ ਨਾਂ ਲਿਖਣ ਤੋਂ ਰਹਿ ਗਿਆ ਹੋਵੇ ਜਾਂ ਗਲਤ ਲਿਖਿਆ ਗਿਆ ਹੋਵੇ ਤਾਂ ਮੁਆਫ ਕਰਨਾ। ਸਮੁੱਚੀ ਸਾਹਿਤ ਸਭਾ ਕੈਲੇਫੋਰਨੀਆ ਸਭ ਦੀ ਅਤੀ ਧੰਨਵਾਦੀ ਹੈ।

# ਪੰਜਵੀਂ ਅਮਰੀਕੀ ਪੰਜਾਬੀ ਕਹਾਣੀ ਕਾਨਫਰੰਸ ਬੇਮਿਸਾਲ ਸਫਲਤਾ ਸਹਿਤ ਸੰਪੰਨ

ਕੈਲੀਫੋਰਨੀਆ- ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ (ਸਟਾਕਟਨ ਯੂਨਿਟ) ਦੀ ਦੇਖ ਰੇਖ ਵਿਚ ਸੱਤ ਜੁਲਾਈ ਦੋ ਹਜ਼ਾਰ ਤੇਰਾਂ ਨੂੰ ਕਰਵਾਈ ਗਈ ਪੰਜਵੀਂ ਅਮਰੀਕੀ ਪੰਜਾਬੀ ਕਹਾਣੀ ਕਾਨਫਰੰਸ ਨੂੰ ਚਿੰਤਕਾਂ, ਕਹਾਣੀਕਾਰਾਂ ਅਤੇ ਵੱਡੀ ਗਿਣਤੀ ਵਿਚ ਦਰਸ਼ਕਾਂ ਨੇ ਹੁੰਗਾਰਾ ਭਰਿਆ। ਕਾਨਫਰੰਸ ਦੇ ਆਰੰਭ ਵਿਚ ਹੁਸਨਬੀਰ ਸਿੰਘ ਨੇ ਸ਼ਾਹ ਹੁਸੈਨ, ਸ਼ਿਵ ਕੁਮਾਰ ਬਟਾਲਵੀ ਅਤੇ ਹੋਰ ਭਾਵਪੂਰਕ ਲੋਕ ਗੀਤਾਂ ਨਾਲ ਸੂਹਣਾ ਰੰਗ ਬੰਨ੍ਹਿਆਂ। ਸਭਾ ਦੇ ਪ੍ਰਧਾਨ ਹਰਜਿੰਦਰ ਪੰਧੇਰ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਅਜਮੇਰ ਸਿੱਧੂ, ਸੁਰਿੰਦਰ ਸੋਹਲ ਆਦਿ ਵੱਲੋਂ ਮਿਲੇ ਸੰਦੇਸ਼ ਸਾਂਝੇ ਕੀਤੇ। ਪਹਿਲੇ ਸੈਸ਼ਨ ਵਿਚ ਡਾ. ਜਸਵਿੰਦਰ ਸਿੰਘ ਅਤੇ ਡਾ. ਧਨਵੰਤ ਕੌਰ ਨੇ ਖੋਜ ਪੱਤਰ ਪੜ੍ਹੇ। ਇਸ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ, ਪਿਆਰਾ ਸਿੰਘ ਕੁੱਦੋਵਾਲ, ਇੰਦਰ ਸਿੰਘ ਖਾਮੋਸ਼ ਅਤੇ ਹਰਮਹਿੰਦਰ ਸਿੰਘ ਚਾਹਲ ਸ਼ਾਮਲ ਹੋਏ। ਇਸ ਸੈਸ਼ਨ ਦੌਰਾਨ ਸਭ ਤੋਂ ਪਹਿਲਾਂ ਪ੍ਰੋ. ਹਰਭਜਨ ਸਿੰਘ, ਸੁਰਿੰਦਰ ਸੋਹਲ, ਹਰਜਿੰਦਰ ਪੰਧੇਰ ਵੱਲੋਂ ਸੰਪਾਦਤ ਕਹਾਣੀ ਸੰਗ੍ਰਹਿ 'ਪਰਵਾਸ ਤੋਂ ਆਵਾਸ ਵੱਲ: ਉਤਰੀ ਅਮਰੀਕੀ ਪੰਜਾਬੀ ਕਹਾਣੀਆਂ' ਨੂੰ ਪ੍ਰਧਾਨਗੀ ਮੰਡਲ ਤੋਂ ਇਲਾਵਾ, ਹਾਜ਼ਰ ਕਹਾਣੀਕਾਰਾਂ ਨੇ ਰੀਲੀਜ਼ ਕੀਤਾ। ਇਸ ਪੁਸਤਕ ਵਿਚ ਉਤਰੀ ਅਮਰੀਕੀ ਖੇਤਰ ਦੇ ਬਾਈ ਕਹਾਣੀਕਾਰਾਂ ਦ ਇਕ ਇਕ ਕਹਾਣੀ ਸ਼ਾਮਲ ਹੈ।

ਡਾ. ਜਸਵਿੰਦਰ ਸਿੰਘ ਨੇ ਆਪਣੇ ਖੋਜ ਪੱਤਰ 'ਆਵਾਸ ਤੋਂ ਪਰਵਾਸ ਵੱਲ: ਸਭਿਆਚਾਰਕ ਸਿਆਸਤ ਦੀ ਬਿਰਤਾਂਤਕਾਰੀ' ਵਿਚ ਉਤਰੀ ਅਮਰੀਕੀ ਪੰਜਾਬੀ ਕਹਾਣੀ ਵਿਚ ਸਭਿਆਚਾਰਕ ਸ਼ਨਾਖਤਾਂ, ਸਪੇਸ, ਸੰਘਰਸ਼ ਅਤੇ ਬਹੁ-ਸਭਿਆਚਾਰਕ ਪ੍ਰਸੰਗਾਂ ਵਿਚ ਪੇਸ਼ ਹੋ ਰਹੇ ਨਵੇਂ ਸਰੋਕਾਰ ਅਤੇ ਦ੍ਰਿਸ਼ਟੀਕੋਣਾਂ ਦੀ ਨਿਸ਼ਾਨਦੇਹੀ ਕੀਤੀ। ਇਹ ਕਹਾਣੀ ਘਰ, ਪਰਿਵਾਰ, ਸਾਕਾਦਾਰੀ ਅਤੇ ਹੋਰ ਸਭਿਆਚਾਰਕ ਮਸਲਿਆਂ ਨੂੰ ਹੁਣ ਭਾਰਤੀ ਪਰੰਪਰਕ ਅੰਤਰ-ਮੁਖਤਾਵਾਂ ਤੋਂ ਨਹੀਂ ਪੇਸ਼ ਕਰ ਰਹੀ, ਸਗੋਂ ਇਹ ਸੂਝਵਾਨ ਕਹਾਣੀਕਾਰ ਇਨ੍ਹਾਂ ਨਿੱਜੀ ਮਸਲਿਆਂ ਨੂੰ ਉਤਰੀ ਅਮਰੀਕੀ ਸਭਿਆਚਾਰਕ-ਸਿਆਸੀ ਪਰਿਵੇਸ਼ ਵਿਚ ਉੱਦਾਤ ਪੰਜਾਬੀ ਕੀਮਤਾਂ ਨਵੀਆਂ ਅੰਤਰ-ਦ੍ਰਿਸ਼ਟੀਆਂ ਅਤੇ ਉਸਾਰੂ ਦ੍ਰਿਸ਼ਟੀਕੋਣ ਤੋਂ ਪੇਸ਼ ਕਰ ਰਹੇ ਹਨ। ਇਨ੍ਹਾਂ ਕਹਾਣੀਆਂ ਵਿਚ ਇਕ ਅਹਿਮ ਪਰਵਰਗ ਉਨ੍ਹਾਂ ਕਹਾਣੀਆਂ ਦਾ ਹੈ ਜੋ ਬਹੁ-ਸਭਿਆਚਾਰਕ ਲੋਕ-ਪੱਖੀ ਅੰਤਰ-ਦ੍ਰਿਸ਼ਟੀਆਂ ਤੋਂ ਇਨ੍ਹਾਂ ਮੁਲਕਾਂ ਦੀਆਂ ਸਭਿਆਚਾਰਕ ਸਮਕਾਲੀ ਜੀਵਨ ਸਥਿਤੀਆਂ ਅਤੇ ਇਸ ਦੇ ਪਿਛੋਕੜ ਵਿਚ ਕੰਮ ਕਰਦੀ ਸਿਆਸਤ ਨੂੰ ਬਾਖੂਬੀ ਪੇਸ਼ ਕਰਦੀਆਂ ਹਨ।

ਡਾ. ਧਨਵੰਤ ਕੌਰ ਨੇ ਆਪਣੇ ਖੋਜ ਪੱਤਰ 'ਪਰਵਾਸ ਤੋਂ ਆਵਾਸ ਵੱਲ: ਪੰਜਾਬੀ ਸ਼ਨਾਖਤਾਂ ਦੀ ਨਵਨਿਰਮਾਣਕਾਰੀ ਦਾ ਪ੍ਰਵਚਨ' ਵਿਚ ਇਸ ਪੁਸਤਕ ਦੇ ਹਵਾਲੇ ਨਾਲ ਪੰਜਾਬੀ ਪਰਵਾਸੀਆਂ ਦੀਆਂ ਨਵੀਆਂ ਸ਼ਨਾਖਤਾਂ ਪ੍ਰਤੀ ਚੇਤਨਤਾ, ਸੰਘਰਸ਼, ਉਲਝਣਾਂ, ਅੰਤਰ-ਵਿਰੋਧਾਂ ਅਤੇ ਨਵੀਆਂ ਸੰਭਾਵਨਾਵਾਂ ਬਾਰੇ ਖਾਸ ਚਰਚਾ ਕੀਤੀ। ਉਸ ਨੇ ਮੂਲ ਸਭਿਆਚਾਰਕ ਘਾੜਤਾਂ ਜਿਵੇਂ ਘਰ, ਵਿਆਹ, ਪਰਿਵਾਰ, ਸਾਕਾਦਾਰੀ, ਜੈਂਡਰ ਸਬੰਧਾਂ ਆਦਿ ਬਾਰੇ ਇਨ੍ਹਾਂ ਕਹਾਣੀਆਂ ਵਿਚੋਂ ਉਭਰਦੇ ਨਵੇਂ ਪਾਸਾਰਾਂ ਨੂੰ ਤਾਰਕਿਕ ਢੰਗ ਨਾਲ ਉਭਾਰਿਆ। ਉਸ ਅਨੁਸਾਰ ਇਹ ਕਹਾਣੀਆਂ ਇਕ ਪਾਸੇ ਸਾਡੀਆਂ ਨਾਂਹਪੱਖੀ, ਰੱਚੜ, ਫਜ਼ੂਲ ਰਵਾਇਤਾਂ ਨੂੰ ਵਿਅੰਗ ਹੇਠ ਲਿਆ ਰਹੀਆਂ ਹਨ ਅਤੇ ਦੂਜੇ ਪਾਸੇ ਉਤਮ ਪੰਜਾਬੀ ਕੀਮਤਾਂ ਅਤੇ ਸ਼ਨਾਖਤਾਂ ਨੂੰ ਇਨ੍ਹਾਂ ਮੁਲਕਾਂ ਦੇ ਬਹੁ-ਸਭਿਆਚਾਰਕ ਸੰਦਰਭਾਂ ਵਿਚ ਨਵਾਂ ਰੂਪ ਪ੍ਰਦਾਨ ਕਰ ਰਹੀਆਂ ਹਨ।




ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਪ੍ਰਸਿੱਧ ਲੇਖਕ ਪਿਆਰਾ ਸਿੰਘ ਕੁੱਦੋਵਾਲ (ਟਰਾਂਟੋ, ਕੈਨੇਡਾ) ਨੇ ਉਤਰੀ ਅਮਰੀਕੀ ਪੰਜਾਬੀ ਕਹਾਣੀ ਦੀਆਂ ਸ਼ਾਨਦਾਰ ਪ੍ਰਾ-ਪਤੀਆਂ ਦੀ ਪ੍ਰਸੰਸਾ ਕੀਤੀ। ਉਸ ਨੇ ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ ਵੱਲੋਂ ਲਗਾਤਾਰ ਕਹਾਣੀ-ਸੰਗ੍ਰਹਿ ਸੰਪਾਦਤ ਕਰਨ ਅਤੇ ਸ਼ਾਨਦਾਰ ਕਾਨਫਰੰਸਾਂ ਦੀ ਲੜੀ ਜਾਰੀ ਰੱਖਣ ਦੀ ਭਰਵੀਂ ਤਾਰੀਫ ਕੀਤੀ। ਇਸ ਸੈਸ਼ਨ ਦਾ ਮੰਚ ਸੰਚਾਲਨ ਪ੍ਰੋ. ਹਰਭਜਨ ਸਿੰਘ ਨੇ ਆਪਣੇ ਮਖਸੂਸ ਅੰਦਾਜ਼ ਵਿਚ ਕੀਤਾ। ਕਹਾਣੀ ਦਰਬਾਰ ਵਾਲੇ ਦੂਸਰੇ ਸੈਸ਼ਨ ਵਿਚ ਪੰਜ ਕਹਾਣੀਕਾਰਾਂ ਨੇ ਕਹਾਣੀਆਂ ਪੜ੍ਹੀਆਂ। ਇਸ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਪ੍ਰਿੰਸੀਪਲ ਵੀਰ ਸਿੰਘ ਰੰਧਾਵਾ, ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ, ਪਿਆਰਾ ਸਿੰਘ ਕੁੱਦੋਵਾਲ, ਹਰਜਿੰਦਰ ਪੰਧੇਰ ਸ਼ਾਮਲ ਹੋਏ। ਵਿਰਜੀਨੀਆ ਤੋਂ ਆਏ ਹਰਮਹਿੰਦਰ ਸਿੰਘ ਚਾਹਲ ਨੇ 'ਮਮਤਾ', ਪਿਆਰਾ ਸਿੰਘ ਕੁੱਦੋਵਾਲ ਨੇ 'ਚੈੱਕ ਵਾਲੀ ਰਜਾਈ', ਹਰਜਿੰਦਰ ਪੰਧੇਰ ਨੇ ਸੁਰਜੀਤ ਕੌਰ (ਕੈਨੇਡਾ) ਦੀ ਕਹਾਣੀ 'ਜੁਗਨੂੰ', ਨਵਨੀਤ ਕੌਰ ਪੰਨੂ ਨੇ 'ਮੋਹ-ਪਿਆਰ' ਅਤੇ ਤ੍ਰਿਪਤ ਭੱਟੀ ਨੇ 'ਖੁਨਾਮੀ' ਤੇ 'ਹੱਕ' ਕਹਾਣੀਆਂ ਪੜ੍ਹੀਆਂ। ਇਸ ਸੈਸ਼ਨ ਦਾ ਮੰਚ ਸੰਚਾਲਨ ਮਨਦੀਪ ਗੋਰਾ ਨੇ ਖੂਬਸੂਰਤ ਕਾਵਿਕ ਅੰਦਾਜ਼ ਵਿਚ ਕੀਤਾ।

ਕਵੀ ਦਰਬਾਰ ਵਾਲੇ ਤੀਸਰੇ ਸੈਸ਼ਨ ਵਿਚ 25 ਨਾਮਵਰ ਸ਼ਾਇਰਾਂ ਨੇ ਰਚਨਾਵਾਂ ਪੇਸ਼ ਕੀਤੀਆਂ। ਪ੍ਰਧਾਨਗੀ ਮੰਡਲ ਵਿਚ ਸੁਖਵਿੰਦਰ ਕੰਬੋਜ, ਸੁਰਿੰਦਰ ਸੀਰਤ, ਕੇਵਲ ਕਲੋਟੀ, ਹਰਬੰਸ ਸਿੰਘ ਜਗਿਆਸੂ, ਦਿਲ ਨਿੱਜਰ ਸ਼ਾਮਲ ਹੋਏ। ਪ੍ਰਧਾਨਗੀ ਮੰਡਲ ਤੋਂ ਇਲਾਵਾ ਤਾਰਾ ਸਿੰਘ ਸਾਗਰ, ਮਨਦੀਪ ਗੋਰਾ, ਵਿੱਕੀ ਹੀਰ, ਡਾ. ਤਜਿੰਦਰ ਸਿੰਘ ਸੰਧੂ, ਰਜਵਿੰਦਰ ਕੌਰ ਢਿੱਲੋਂ, ਰਾਜਬੀਰ ਕੌਰ ਸੇਖੋਂ, ਮੱਖਣ ਲੁਹਾਰ, ਅਸ਼ੋਕ ਭੌਰਾ, ਰਾਠੀ ਸੂਰਾਪੁਰੀ, ਰਮੇਸ਼ ਬੰਗੜ, ਬਿੰਨਾ ਸਿੰਘ ਸਾਗਰ, ਹਜ਼ੂਰਾ ਸਿੰਘ ਹਜ਼ੂਰ ਆਦਿ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਜਸਵੰਤ ਸ਼ਾਦ ਨੇ ਇਸ ਸੈਸ਼ਨ ਦਾ ਮੰਚ ਸੰਚਾਲਨ ਕਰਦਿਆਂ ਖੂਬ ਰੰਗ ਬੰਨ੍ਹਿਆਂ।

ਇਸ ਮੌਕੇ ਤੇ ਤ੍ਰਿਪਤ ਭੱਟੀ ਦੀ ਮਿੰਨੀ ਕਹਾਣੀ ਦੀ ਪੁਸਤਕ 'ਖੁਨਾਮੀਆਂ ਹੀ ਖੁਨਾਮੀਆਂ', ਕਮਲ ਬੰਗਾ ਦੀ ਕਾਵਿ-ਪੁਸਤਕ 'ਜਹਾਨ ਅੰਦਰ', ਅਵਤਾਰ ਸਿੰਘ ਪ੍ਰੇਮ ਦੀ ਪੁਸਤਕ 'ਇਨਸਾਨੀਅਤ ਦੇ ਪਹਿਰੇਦਾਰ' ਵੀ ਰੀਲੀਜ਼ ਕੀਤੀਆਂ ਗਈਆਂ। ਕਾਨਫਰੰਸ ਦੌਰਾਨ ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ, ਪਿਆਰਾ ਸਿੰਘ ਕੁੱਦੋਵਾਲ, ਅਮਰਜੀਤ ਚਾਹਲ, ਹਰਮਹਿੰਦਰ ਚਾਹਲ ਨੂੰ ਉਨ੍ਹਾਂ ਦੀਆਂ ਸਾਹਿਤਕ ਪ੍ਰਾਪਤੀਆਂ ਅਤੇ ਪੰਜਾਬੀ ਮਾਂ-ਬੋਲੀ ਦੀ ਨਿਰੰਤਰ ਸੇਵਾ ਲਈ ਸਨਮਾਨਿਤ ਕੀਤਾ। ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵੱਲੋਂ ਰਛਪਾਲ ਸਿੰਘ ਫਰਵਾਲਾ ਨੇ ਵੀ ਸ਼ਮੂਲੀਅਤ ਕੀਤੀ। ਇਸ ਪ੍ਰੋਗਰਾਮ ਵਿਚ ਅਦਾਰਾ ਦੇਸ਼ ਦੁਆਬਾ ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਅਤੇ ਪੰਜਾਬ ਐਕਸਪ੍ਰੈਸ ਨਿਊਜ਼ ਦੇ ਮੁੱਖ ਸੰਪਾਦਕ ਜਸਵੰਤ ਸਿੰਘ ਸੈਦੋਕੇ ਨੇ ਸ਼ਮੂਲੀਅਤ ਕੀਤੀ।

*(ਰਿਪੋਰਟ- ਹਰਜਿੰਦਰ ਪੰਧੇਰ, ਫੋਨ: 209-610-5055)*

# ਵਿਗੋਚਾ- ਪੁੱਤ ਵਿਛੜਨ 'ਚ ਗਮਗੀਨ ਹੈ ਸਰਪੰਚ ਜਸਵੀਰ ਕੌਰ



ਰਿਹਾ। ਘਰ ਦੇ ਜਿਸ ਵਿਹੜੇ ਵਿਚ ਪ੍ਰਭਜੋਤ ਨੇ ਮਾਂ ਦੇ ਸਰਪੰਚ ਬਣਨ ਦੀ ਖੁਸ਼ੀ ਮਨਾਉਣੀ ਸੀ ਉਥੇ ਅੱਜ ਵੀ ਗ਼ਮਗੀਨ ਮਾਹੌਲ ਬਣਿਆ ਹੋਇਆ ਹੈ। ਇਸ ਪਰਿਵਾਰ ਨੂੰ ਪੀੜ੍ਹੀ ਦਰ ਪੀੜ੍ਹੀ ਪਿੰਡ ਵਾਸੀਆਂ ਨੇ ਹਮੇਸ਼ਾ ਭਾਰੀ ਬਹੁਮਤ ਦੇ ਰੂਪ ਵਿਚ ਅਥਾਹ ਸਹਿਯੋਗ ਦਿੱਤਾ ਹੈ ਤੇ ਉਹ ਸਾਰੇ ਇਸ ਦੁੱਖ ਦੀ ਘੜੀ ਵਿਚ ਕੁਦਰਤ ਅੱਗੇ ਭਾਣੇ ਨੂੰ ਮੰਨਣ ਦਾ ਬਲ ਬਖਸ਼ਣ ਦੀਆਂ ਅਰਜੋਈਆਂ ਕਰ ਰਹੇ ਹਨ।

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਕਰਦੀ ਹੈ ਕਿ ਗੁਰੂ ਘਰ ਵੱਲੋਂ ਖਰੀਦੇ ਗਏ ਨਵੇਂ ਪਾਰਕਿੰਗ ਲਾਟ ਲਈ ਵੱਧ ਚੜ੍ਹ ਕੇ ਯੋਗਦਾਨ ਪਾਓ।ਹੋਰ ਜਾਣਕਾਰੀ ਲਈ ਸੰਪਰਕ ਕਰੋ:

ਸਮੂਹ ਪ੍ਰਬੰਧਕ ਕਮੇਟੀ
ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ

(530) 674-2564

ਸੰਪਾਦਕੀ

# ਵਿਸ਼ਵ ਪ੍ਰਸਿੱਧ ਬੋਧ ਧਾਮ ਉਤੇ ਅੱਤਵਾਦੀ ਹਮਲੇ ਨਿੰਦਣਯੋਗ

ਭਾਰਤ ਦੇ ਬਿਹਾਰ ਸੂਬੇ ਵਿਚ ਸਥਿਤ ਵਿਸ਼ਵ ਪ੍ਰਸਿੱਧ ਬੋਧ ਗਯਾ ਅਤੇ ਬੋਧੀਆਂ ਦੇ ਸਭ ਤੋਂ ਵੱਧ ਪਵਿੱਤਰ ਅਸਥਾਨ ਮਹਾਂਬੋਧੀ ਮੰਦਰ ਕੰਪਲੈਕਸ ਵਿਚ 9 ਲੜੀਵਾਰ ਬੰਬ ਧਮਾਕੇ ਕਰਕੇ ਦਹਿਸ਼ਤ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਧਮਾਕੇ ਦੇਸੀ ਬੰਬਾਂ ਰਾਹੀਂ ਕੀਤੇ ਗਏ, ਜਿਹਨਾਂ ਵਿਚ 2 ਬੋਧੀ ਜ਼ਖਮੀ ਹੋ ਗਏ ਹਨ। ਇਹਨਾਂ ਅੱਤਵਾਦੀ ਹਮਲਿਆਂ ਦੀ ਜ਼ਿੰਮੇਵਾਰੀ ਹੁਣ ਤੱਕ ਕਿਸੇ ਨੇ ਨਹੀਂ ਲਈ ਹੈ ਪਰ ਇਹਨਾਂ ਧਮਾਕਿਆਂ ਤੋਂ ਸਪਸ਼ਟ ਹੋ ਗਿਆ ਹੈ ਕਿ ਅੱਤਵਾਦੀ ਕਿਸੇ ਵੀ ਸੂਰਤ ਵਿਚ ਆਮ ਲੋਕਾਂ ਦੇ ਮਨ ਵਿਚੋਂ ਦਹਿਸ਼ਤ ਮਿਟਣ ਨਹੀਂ ਦੇਣਾ ਚਾਹੁੰਦੇ। ਇਸ ਘਟਨਾ ਦੀ ਜ਼ਿੰਮੇਵਾਰੀ ਭਾਵੇਂ ਹਾਲੇ ਤਕ ਕਿਸੇ ਵੀ ਅੱਤਵਾਦੀ ਜਥੇਬੰਦੀ ਨੇ ਨਹੀ ਲਈ ਪਰ ਇਸ ਦੀ ਤਾਰ ਇੰਡੀਅਨ ਮੁਜਾਹਿਦੀਨ ਦੇ ਅਤਿਵਾਦੀਆਂ ਨਾਲ ਜੁੜਦੀ ਜਾਪਦੀ ਹੈ। ਗ਼ੌਰਤਲਬ ਹੈ ਕਿ ਪਿਛਲੇ ਸਾਲ ਦਿੱਲੀ ਪੁਲੀਸ ਦੁਆਰਾ ਫੜੇ ਗਏ ਇੰਡੀਅਨ ਮੁਜਾਹਿਦੀਨ ਦੇ ਮਸ਼ਕੂਕ ਅੱਤਵਾਦੀਆਂ ਨੇ ਇੰਕਸ਼ਾਫ਼ ਕੀਤਾ ਸੀ ਕਿ ਮਿਆਂਮਾਰ ਵਿੱਚ ਮੁਸਲਮਾਨਾਂ ਖ਼ਿਲਾਫ਼ ਜ਼ੁਲਮ ਦਾ ਬਦਲਾ ਲੈਣ ਲਈ ਇਹ ਹਮਲਾ ਕੀਤਾ ਜਾਣਾ ਸੀ। ਜਾਣਕਾਰੀ ਅਨੁਸਾਰ ਕੇਂਦਰ ਸਰਕਾਰ ਅਤੇ ਖ਼ੁਫ਼ੀਆ ਏਜੰਸੀਆਂ ਨੇ ਬਿਹਾਰ ਪੁਲੀਸ ਨੂੰ ਇਹ ਸੂਚਨਾ ਪਹਿਲਾਂ ਦੇ ਦਿੱਤੀ ਸੀ ਕਿ ਇਹ ਮੰਦਰ ਅਤਿਵਾਦੀਆਂ ਦਾ ਨਿਸ਼ਾਨਾ ਬਣ ਸਕਦਾ ਹੈ। ਭਾਵੇਂ ਅਜਿਹੇ ਅੱਤਵਾਦੀ ਹਮਲੇ ਨੂੰ ਸੂਬਾ ਸਰਕਾਰ ਜਾਂ ਪੁਲਿਸ ਦੁਆਰਾ ਰੋਕਣਾ ਸੰਭਵ ਨਹੀਂ ਸੀ ਪਰ ਜਾਣਕਾਰੀ ਦੇ ਬਾਵਜੂਦ ਪੂਰੀ ਚੌਕਸੀ ਅਤੇ ਸਾਵਧਾਨੀ ਨਾ ਵਰਤਣ ਕਾਰਨ ਸੂਬਾ ਸਰਕਾਰ ਨੂੰ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ। ਲੜੀਵਾਰ ਹੋਏ ਇਨ੍ਹਾਂ ਬੰਬ ਧਮਾਕਿਆਂ ਤੋਂ ਸਪਸ਼ਟ ਹੈ ਕਿ ਇਹ ਬਹੁਤ ਹੀ ਸੋਚੀ-ਸਮਝੀ ਸਾਜ਼ਿਸ਼ ਦਾ ਨਤੀਜਾ ਹਨ ਅਤੇ ਇਹ ਕਿਸੇ ਬਾਹਰੀ ਮਦਦ ਤੋਂ ਬਗ਼ੈਰ ਨਹੀਂ ਹੋਏ। ਇਸ ਗੱਲ ਵਿੱਚ ਕੋਈ ਸੰਦੇਹ ਨਹੀਂ ਕਿ ਸਰਹੱਦੋਂ ਪਾਰਲੇ ਅਤਿਵਾਦੀ ਸੰਗਠਨ ਭਾਰਤ ਨੂੰ ਹਰ ਪੱਖੋਂ ਕਮਜ਼ੋਰ ਕਰਨਾ ਚਾਹੁੰਦੇ ਹਨ। ਬੋਧ ਗਯਾ ਦੇ ਮੰਦਰ ਵਿਖੇ ਧਮਾਕਾ ਕਰਨ ਪਿਛੇ ਉਨ੍ਹਾਂ ਦਾ ਮੰਤਵ ਵਿਸ਼ਵ ਪੱਧਰ 'ਤੇ ਭਾਰਤ ਦੀ ਛਵੀ ਵਿਗਾੜਨ ਦੇ ਨਾਲ ਨਾਲ ਇਸ ਨੂੰ ਆਰਥਿਕ ਪੱਖੋਂ ਸੱਟ ਮਾਰਨਾ ਵੀ ਹੋ ਸਕਦਾ ਹੈ ਕਿਉਂਕਿ ਇਸ ਸਥਾਨ 'ਤੇ ਕੌਮਾਂਤਰੀ ਪੱਧਰ ਦੇ ਸੈਲਾਨੀ ਆਉਂਦੇ-ਜਾਂਦੇ ਹਨ ਜਿਸ ਨਾਲ ਭਾਰਤ, ਖ਼ਾਸਕਰ ਕੇ ਬਿਹਾਰ ਨੂੰ ਭਾਰੀ ਆਮਦਨ ਹੁੰਦੀ ਹੈ। ਬੋਧ ਗਯਾ ਦੇ ਮੰਦਰ ਵਿਖੇ ਹੋਏ ਇਨ੍ਹਾਂ ਧਮਾਕਿਆਂ ਨੇ ਇੱਕ ਵਾਰ ਮੁੜ ਦੇਸ਼ ਦੇ ਸੁਰੱਖਿਆ ਅਤੇ ਖ਼ੁਫ਼ੀਆਤੰਤਰ ਦੀ ਕਾਰਗੁਜ਼ਾਰੀ ਉੱਤੇ ਸਵਾਲੀਆ ਚਿੰਨ੍ਹ ਲਗਾ ਦਿੱਤਾ ਹੈ। ਇਸ ਹਮਲੇ ਨਾਲ ਇਹ ਸਪਸ਼ਟ ਹੋ ਗਿਆ ਹੈ ਕਿ ਸੂਬੇ ਆਪਣੇ ਪੱਧਰ 'ਤੇ ਅਜਿਹੇ ਅੱਤਵਾਦੀ ਹਮਲਿਆਂ ਦਾ ਮੁਕਾਬਲਾ ਨਹੀ ਕਰ ਸਕਦੇ।

ਇਸ ਸੂਰਤ ਵਿੱਚ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਸਾਂਝੀ ਰਣਨੀਤੀ ਤੈਅ ਕਰਨ ਦੀ ਜ਼ਰੂਰਤ ਹੈ। ਮੁਲਕ ਦੀਆਂ ਅਜਿਹੀਆਂ ਪ੍ਰਸਥਿਤੀਆਂ ਦੇ ਮੱਦੇਨਜ਼ਰ ਕੇਂਦਰ ਸਰਕਾਰ ਨੇ ਕੌਮੀ ਅੱਤਵਾਦ ਰੋਕੂ ਕੇਂਦਰ ਦੀ ਸਥਾਪਨਾ ਦਾ ਸੁਝਾਅ ਦਿੱਤਾ ਗਿਆ ਸੀ ਪਰ ਅਫ਼ਸੋਸ ਹੈ ਕਿ ਇਸ ਵਿਚਾਰ ਨੂੰ ਸੌੜੀ ਸਿਆਸਤ ਦੇ ਦੈਂਤ ਨੇ ਨਿਗਲ ਲਿਆ। ਤਾਜ਼ਾ ਹੋਏ ਹਮਲੇ ਤੋਂ ਬਾਅਦ ਸਿਆਸੀ ਪਾਰਟੀਆਂ ਨੂੰ ਸੌੜੇ ਸਿਆਸੀ ਹਿੱਤਾਂ ਤੋਂ ਉੱਪਰ ਉਠ ਕੇ ਮੁੜ ਕੌਮੀ ਅਤਿਵਾਦ ਰੋਕੂ ਕੇਂਦਰ ਦੀ ਸਥਾਪਨਾ ਬਾਰੇ ਸੋਚਣ ਦੀ ਜ਼ਰੂਰਤ ਹੈ। ਹੁਣ ਜਦੋਂ ਕੇਂਦਰ ਅਤੇ ਸੂਬਾ ਸਰਕਾਰ ਨੇ ਇਸ ਕਾਰਵਾਈ ਨੂੰ ਅੱਤਵਾਦੀ ਕਰਾਰ ਦੇ ਦਿੱਤਾ ਹੈ ਤਾਂ ਨਿਸ਼ਚੇ ਹੀ ਅਜਿਹੀਆਂ ਘਟਨਾਵਾਂ ਦੀ ਰੋਕਥਾਮ ਲਈ ਕੇਂਦਰ ਅਤੇ ਰਾਜਾਂ ਨੂੰ ਸਾਂਝੀ ਰਣਨੀਤੀ ਉਲੀਕਣ ਦੀ ਲੋੜ ਮਹਿਸੂਸ ਹੁੰਦੀ ਹੈ। ਸੂਬਾ ਸਰਕਾਰਾਂ ਅਮਨ ਕਾਨੂੰਨ ਦੀ ਘਰੇਲੂ ਸਮੱਸਿਆ 'ਤੇ ਤਾਂ ਕਾਬੂ ਪਾ ਸਕਦੀਆਂ ਹਨ ਪਰ ਕੌਮੀ ਅਤੇ ਕੌਮਾਂਤਰੀ ਪੱਧਰ ਦੀਆਂ ਅੱਤਵਾਦੀ ਕਾਰਵਾਈਆਂ ਦਾ ਮੁਕਾਬਲਾ ਕਰਨ ਦੀ ਉਨ੍ਹਾਂ ਵਿੱਚ ਸਮਰੱਥਾ ਨਹੀਂ ਜਾਪਦੀ।

ਅੱਤਵਾਦ ਅੱਜ ਇਕ ਅਜਿਹਾ ਭਿਆਨਕ ਸੰਤਾਪ ਬਣ ਚੁੱਕਾ ਹੈ, ਜਿਸ ਦੀ ਲਪੇਟ ਵਿਚ ਦੁਨੀਆਂ ਦੇ ਸਾਰੇ ਮੁਲਕ ਆਏ ਹੋਏ ਹਨ। ਇਹ ਅੱਤਵਾਦ ਹੁਣ ਕਈ ਕਿਸਮ ਦਾ ਹੋ ਗਿਆ ਹੈ। ਵੱਖ-ਵੱਖ ਮੁਲਕਾਂ ਵਿਚ ਘਰੇਲੂ ਅੱਤਵਾਦ ਵਧਣ ਦੇ ਨਾਲ ਦਹਿਸ਼ਤਗਰਦਾਂ ਦਾ ਕੌਮਾਂਤਰੀ ਨੈਟਵਰਕ ਵੀ ਲਗਾਤਾਰ ਮਜ਼ਬੂਤ ਹੁੰਦਾ ਜਾ ਰਿਹਾ ਹੈ। ਅਲ-ਕਾਇਦਾ ਵਰਗੀਆਂ ਕੌਮਾਂਤਰੀ ਦਹਿਸ਼ਤਗਰਦ ਜਥੇਬੰਦੀਆਂ ਦਾ ਲੱਕ ਤੋੜਨ ਵਿਚ ਹਾਲਾਂਕਿ ਦੁਨੀਆਂ ਨੇ ਕਾਫੀ ਹੱਦ ਤੱਕ ਸਫਲਤਾ ਪ੍ਰਾਪਤ ਕੀਤੀ ਹੈ, ਪਰ ਹੁਣ ਲਗਭਗ ਸਾਰੇ ਮੁਲਕਾਂ ਨੂੰ ਘਰੇਲੂ ਅੱਤਵਾਦ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੁਝ ਸਮਾਂ ਪਹਿਲਾਂ ਕੈਨੇਡਾ ਵਿਚ ਵੀ ਘਰੇਲੂ ਅੱਤਵਾਦ ਦੀ ਸਾਜਿਸ਼ ਬੇਨਕਾਬ ਕੀਤੀ ਗਈ ਹੈ, ਜਿਸ ਵਿਚ ਬ੍ਰਿਟਿਸ਼ ਕੋਲੰਬੀਆ ਦੀ ਅਸੈਂਬਲੀ ਨੂੰ ਉਡਾਉਣ ਦੀ ਸਾਜ਼ਿਸ਼ ਸੀ। ਇਸ ਤੋਂ ਪਹਿਲਾਂ ਬੋਸਟਨ ਮੈਰਾਥਨ ਦੌੜ ਦੇ ਮੌਕੇ ਤੇ ਅਮਰੀਕਾ ਵਿਚ ਅਜਿਹੇ ਹੀ ਘਰੇਲੂ ਅੱਤਵਾਦ ਨੇ ਦਹਿਸ਼ਤ ਫੈਲਾਈ ਅਤੇ ਕਈ ਲੋਕਾਂ ਦੀ ਜਾਨ ਚਲੀ ਗਈ।

ਇੰਗਲੈਂਡ, ਯੂਰਪ ਅਤੇ ਏਸ਼ੀਆ ਸਮੇਤ ਦੁਨੀਆਂ ਦੇ ਜ਼ਿਆਦਾਤਰ ਮੁਲਕ ਘਰੇਲੂ ਅਤੇ ਕੌਮਾਂਤਰੀ ਦੋਵੇਂ ਕਿਸਮ ਦੇ ਅੱਤਵਾਦ ਦੀ ਲਪੇਟ ਵਿਚ ਹਨ। ਇਸ ਦਾ ਕੋਈ ਸਥਾਈ ਹੱਲ ਵੀ ਨਜ਼ਰ ਨਹੀਂ ਆ ਰਿਹਾ।

9/11 ਦੀ ਵਾਰਦਾਤ ਤੋਂ ਬਾਅਦ ਅਮਰੀਕਾ ਦੀ ਅਗਵਾਈ ਵਿਚ ਨਾਟੋ ਫੌਜਾਂ ਨੇ ਅਫ਼ਗਾਨਿਸਤਾਨ 'ਤੇ ਹਮਲਾ ਕੀਤਾ। ਤਾਲਿਬਾਨ ਨੂੰ ਪਛਾੜਨ ਵਿਚ ਕਾਮਯਾਬੀ ਪ੍ਰਾਪਤ ਕੀਤੀ ਅਤੇ ਅਲ ਕਾਇਦਾ ਦਾ ਵੀ ਲੱਕ ਤੋੜਿਆ। ਇਹ ਦਹਿਸ਼ਤਗਰਦ ਸੰਗਠਨ ਹਾਲੇ ਵੀ ਦੁਨੀਆਂ ਵਿਚ ਕਿਤੇ ਨਾ ਕਿਤੇ ਦਿਖਾਈ ਦਿੰਦੇ ਹਨ, ਪਰ ਹੁਣ ਸਮੱਸਿਆ ਨਵੇਂ-ਨਵੇਂ ਦਹਿਸ਼ਤਗਰਦ ਗਰੁੱਪ ਸਾਹਮਣੇ ਆਉਣ ਕਾਰਨ ਵੱਧ ਰਹੀ ਹੈ। ਅੱਤਵਾਦ ਅੱਜ ਦੇ ਜ਼ਮਾਨੇ ਵਿਚ ਹੋਰ ਵੀ ਜ਼ਿਆਦਾ ਖ਼ਤਰਨਾਕ ਅਤੇ ਭਿਆਨਕ ਹੋ ਗਿਆ ਹੈ, ਕਿਉਂਕਿ ਹੁਣ ਵਿਸਫੋਟਕ ਤਿਆਰ ਕਰਨ, ਆਮ ਲੋਕਾਂ ਨੂੰ ਨਿਸ਼ਾਨਾ ਬਣਾਉਣਾ ਹੋਰ ਆਸਾਨ ਹੋ ਗਿਆ ਹੈ। ਦੇਸੀ ਬੰਬਾਂ ਦੀ ਵਰਤੋਂ ਆਮ ਤੌਰ ਤੇ ਕੋਈ ਵੀ ਵਿਅਕਤੀ ਕਰ ਸਕਦਾ ਹੈ। ਅੱਤਵਾਦ ਦੇ ਇੰਨੇ ਰੂਪ ਹਨ ਕਿ ਇਸ ਦੀ ਪੱਕੀ ਰੋਕਥਾਮ ਸੁਰੱਖਿਆ ਏਜੰਸੀਆਂ ਅਤੇ ਸਰਕਾਰਾਂ ਦੇ ਵੱਸ ਤੋਂ ਬਾਹਰ ਹੁੰਦੀ ਜਾ ਰਹੀ ਹੈ। ਭਾਰਤ ਵਰਗੇ ਮੁਲਕ ਜਿਹਨਾਂ ਦੀ ਆਬਾਦੀ ਜ਼ਿਆਦਾ ਹੈ ਅਤੇ ਬਹੁਤ ਸਾਰੀਆਂ ਥਾਵਾਂ ਤੇ ਭੀੜ-ਭੜੱਕਾ ਰਹਿੰਦਾ ਹੈ, ਅੱਤਵਾਦੀਆਂ ਦਾ ਅਸਾਨ ਨਿਸ਼ਾਨਾ ਬਣਦੇ ਹਨ। 26/11 ਦੇ ਹਮਲੇ ਸਮੇਂ ਦੁਨੀਆਂ ਨੇ ਅੱਤਵਾਦ ਦਾ ਇਕ ਹੋਰ ਵੀ ਭਿਆਨਕ ਰੂਪ ਦੇਖਿਆ।

ਇਸ ਹਮਲੇ ਨੂੰ ਅੰਜਾਮ ਦੇਣ ਵਾਲੇ ਅੱਜ ਵੀ ਸ਼ਰੇਆਮ ਲਲਕਾਰੇ ਮਾਰ ਰਹੇ ਹਨ ਪਰ ਵਿਸ਼ਵ ਭਾਈਚਾਰੇ ਨੇ ਕੋਈ ਸਖਤੀ ਨਹੀਂ ਦਿਖਾਈ। ਦੁਨੀਆਂ ਦੇ ਤਾਕਤਵਰ ਮੁਲਕ ਅੱਜ ਕਿਤੇ ਨਾ ਕਿਤੇ ਉਲਝੇ ਹੋਏ ਹਨ ਅਤੇ ਇਸ ਉਲਝੇਪਣ ਦੇ ਕਾਰਨ ਹੀ ਉਹ ਪ੍ਰਭਾਵਸ਼ਾਲੀ ਕਾਰਵਾਈ ਕਰਨ ਵਿਚ ਅਸਮਰੱਥ ਹੁੰਦੇ ਹਨ। ਇਹੀ ਕਾਰਨ ਹੈ ਕਿ ਅੱਤਵਾਦੀਆਂ ਦੇ ਹੌਸਲੇ ਬੁਲੰਦ ਹੁੰਦੇ ਜਾ ਰਹੇ ਹਨ। ਪਹਿਲਾਂ ਪਬਲਿਕ ਥਾਵਾਂ, ਜਨਤਕ ਸਹੂਲਤਾਂ ਅਤੇ ਹੁਣ ਧਾਰਮਿਕ ਸਥਾਨ ਅੱਤਵਾਦੀਆਂ ਦਾ ਨਿਸ਼ਾਨਾ ਬਣਨ ਲੱਗ ਪਏ ਹਨ। ਇਹਨਾਂ ਅੱਤਵਾਦੀਆਂ ਦਾ ਹੋਰ ਕੋਈ ਮਕਸਦ ਨਹੀਂ, ਬਲਕਿ ਦਹਿਸ਼ਤ ਨਿਰੰਤਰ ਫੈਲਾਈ ਰੱਖਣੀ ਹੈ।

ਦਹਿਸ਼ਤ ਦੇ ਕਾਰਨ ਸਮਾਜ ਪ੍ਰਭਾਵਿਤ ਹੁੰਦਾ ਹੈ, ਅਰਥਚਾਰਾ ਪ੍ਰਭਾਵਿਤ ਹੁੰਦਾ ਹੈ ਅਤੇ ਜਨ ਜੀਵਨ ਪ੍ਰਭਾਵਿਤ ਹੁੰਦਾ ਹੈ। ਇਸ ਕਰਕੇ ਹੁਣ ਇਹ ਜ਼ਰੂਰੀ ਹੈ ਕਿ ਅੱਤਵਾਦ ਦੇ ਨੈਟਵਰਕ ਨੂੰ ਤੋੜਨ ਲਈ ਇਕ ਵਿਆਪਕ ਕੌਮਾਂਤਰੀ ਸੁਰੱਖਿਆ ਸੰਸਥਾ ਹੋਂਦ ਵਿਚ ਲਿਆਂਦੀ ਜਾਵੇ, ਜਿਹੜੇ ਬਿਨਾਂ ਕਿਸੇ ਸੁਆਰਥ ਅਤੇ ਕਿਸੇ ਮੁਲਕ ਦਾ ਹਿੱਤ ਪੂਰੇ ਸਿਰਫ ਅੱਤਵਾਦ ਉਤੇ ਨਜ਼ਰ ਰੱਖੇ ਤਾਂ ਜੋ ਅੱਤਵਾਦੀਆਂ ਦੇ ਤਾਰ ਜੋੜਨ ਤੋਂ ਪਹਿਲਾਂ ਹੀ ਉਹਨਾਂ ਨੂੰ ਨਾਕਾਮ ਕੀਤਾ ਜਾ ਸਕੇ।

# ਨਵੇਂ ਸਾਥੀਆਂ ਦੀ ਤੇਜ਼ੀ ਨਾਲ ਭਾਲ ਕਰ ਰਹੀ ਏ ਕਾਂਗਰਸ

**ਬੀ. ਕੇ. ਚੰਮ**

ਕਹਿੰਦੇ ਹਨ ਕਿ ਸਿਆਸਤ 'ਚ ਨਾ ਤਾਂ ਪੱਕੇ ਦੋਸਤ ਹੁੰਦੇ ਹਨ ਅਤੇ ਨਾ ਹੀ ਪੱਕੇ ਦੁਸ਼ਮਣ। ਸਿਰਫ਼ ਸੁਆਰਥ ਹੀ ਸਥਾਈ ਹੁੰਦੇ ਹਨ। ਕਾਂਗਰਸ ਅਤੇ ਭਾਜਪਾ ਵਲੋਂ ਮੌਜੂਦਾ ਸਹਿਯੋਗੀਆਂ ਨੂੰ ਨਾਲ ਜੋੜੀ ਰੱਖਣ ਅਤੇ ਨਵੀਂ ਭਾਲ ਕਰਨ ਦੇ ਯਤਨਾਂ ਨਾਲ ਉਕਤ ਕਥਨ ਦੀ ਸੱਚਾਈ ਇਕ ਵਾਰ ਫਿਰ ਪ੍ਰਮਾਣਿਤ ਹੋ ਗਈ ਹੈ। ਪਿਛਲੇ ਕੁਝ ਹਫ਼ਤਿਆਂ ਦੇ ਘਟਨਾਚੱਕਰ ਦੱਸਦੇ ਹਨ ਕਿ ਦਾਗ਼ਦਾਰ ਦਾਮਨ ਵਾਲੀ ਕਾਂਗਰਸ ਦੀ ਅਗਵਾਈ ਵਾਲੀ ਯੂ. ਪੀ. ਏ. ਇਸ ਮਾਮਲੇ 'ਚ ਭਾਜਪਾ ਦੀ ਅਗਵਾਈ ਵਾਲੀ ਰਾਜਗ ਤੋਂ ਬਾਜ਼ੀ ਮਾਰ ਰਹੀ ਹੈ।

ਕਾਂਗਰਸ ਪਾਰਟੀ ਨੇ ਝਾਰਖੰਡ ਮੁਕਤੀ ਮੋਰਚੇ ਨਾਲ ਚੋਣ ਸਮਝੌਤੇ ਦਾ ਐਲਾਨ ਕੀਤਾ ਹੈ। ਹੁਣ ਇਹ ਨਿਤੀਸ਼ ਕੁਮਾਰ ਜਦ (ਯੂ) ਸਮੇਤ ਹੋਰਨਾਂ ਪਾਰਟੀਆਂ 'ਚ ਦੋਸਤਾਂ ਦੀ ਭਾਲ ਕਰ ਰਹੀ ਹੈ। ਦੂਜੇ ਪਾਸੇ ਭਾਜਪਾ ਦੀ ਅਗਵਾਈ ਵਾਲੀ ਰਾਜਗ ਦੇ ਸਹਿਯੋਗੀ ਟੁੱਟਦੇ ਜਾ ਰਹੇ ਹਨ। ਜਨਤਾ ਦਲ (ਯੂ) ਦੇ ਅਲਵਿਦਾ ਕਹਿ ਜਾਣ ਤੋਂ ਬਾਅਦ ਇਸ ਦੇ ਕੋਲ ਅਕਾਲੀ ਦਲ ਸਮੇਤ ਸਿਰਫ਼ 2 ਹੀ ਸਹਿਯੋਗੀ ਬਚੇ ਹਨ। ਦੋਵਾਂ ਰਾਸ਼ਟਰੀ ਗੱਠਜੋੜਾਂ ਦੀ ਚੋਣ ਕਿਸਮਤ ਇਸ ਗੱਲ 'ਤੇ ਵੀ ਨਿਰਭਰ ਕਰੇਗੀ ਕਿ ਨਵੇਂ ਸਹਿਯੋਗੀਆਂ ਨੂੰ ਆਕਰਸ਼ਿਤ ਕਰਨ ਦੀ ਦੌੜ 'ਚ ਕੌਣ ਜੇਤੂ ਰਹਿੰਦਾ ਹੈ।

ਇਸ ਲੇਖ ਦਾ ਮਕਸਦ ਲੋਕ ਸਭਾ 'ਚ 32 ਸੀਟਾਂ ਦਾ ਯੋਗਦਾਨ ਪਾਉਣ ਵਾਲੇ ਉੱਤਰ-ਪੱਛਮੀ ਖੇਤਰ ਦੇ ਰਾਜਾਂ ਪੰਜਾਬ, ਹਰਿਆਣਾ, ਹਿਮਾਚਲ ਤੇ ਜੰਮੂ-ਕਸ਼ਮੀਰ 'ਚ ਪੁਰਾਣੇ ਸਹਿਯੋਗੀ ਨਾਲ ਰੱਖਦੇ ਹੋਏ ਨਵਿਆਂ ਨੂੰ ਨਾਲ ਲੈਣ ਦੀ ਕਾਂਗਰਸ ਅਤੇ ਭਾਜਪਾ ਦੌੜ 'ਚ ਦੋਹਾਂ ਦੇ ਸੰਭਾਵਿਤ ਨਸੀਬ ਦੀ ਕਲਪਨਾ ਕਰਨਾ ਹੈ। ਰਾਸ਼ਟਰ ਪੱਧਰੀ ਘਟਨਾਚੱਕਰਾਂ ਦਾ ਸੰਦਰਭ ਸਿਰਫ਼ ਖੇਤਰ ਦੇ ਦ੍ਰਿਸ਼ ਚਿੱਤਰ ਦਾ ਪਿਛੋਕੜ ਸਮਝਾਉਣ ਲਈ ਕੀਤਾ ਗਿਆ ਹੈ।

13 ਲੋਕ ਸਭਾ ਸੀਟਾਂ ਵਾਲੇ ਪੰਜਾਬ 'ਚ ਇਸ ਬਾਰੇ ਕੋਈ ਭਰਮ ਵਾਲੀ ਸਥਿਤੀ ਨਹੀਂ ਕਿ 2014 ਦੀਆਂ ਚੋਣਾਂ 'ਚ ਕੌਣ, ਕਿਸ ਦੇ ਨਾਲ ਜਾਵੇਗਾ। ਅਕਾਲੀ ਦਲ ਅਤੇ ਭਾਜਪਾ ਦੋਹਾਂ ਦੇ ਨੇਤਾਵਾਂ ਵਿਚਾਲੇ 'ਜ਼ਿੰਦਗੀ ਭਰ ਦਾ ਗੱਠਜੋੜ' ਹੈ। ਪੰਜਾਬ ਦੀਆਂ ਜਨ-ਸੰਖਿਅਕੀ ਹਕੀਕਤਾਂ ਦੇ ਮੱਦੇਨਜ਼ਰ ਅਕਾਲੀ ਦਲ ਨੂੰ ਇਹ ਅਹਿਸਾਸ ਹੈ ਕਿ ਭਾਜਪਾ ਦੇ ਸਮਰਥਨ ਤੋਂ ਬਿਨਾਂ ਨਾ ਤਾਂ ਪੰਜਾਬ 'ਚ ਸੱਤਾਧਾਰੀ ਹੋ ਸਕਦਾ ਹੈ ਅਤੇ ਨਾ ਹੀ ਕੇਂਦਰ 'ਚ ਮੰਤਰੀ ਅਹੁਦਿਆਂ 'ਤੇ ਆਪਣੇ ਨੇਤਾ ਬਿਰਾਜਮਾਨ ਕਰ ਸਕਦਾ ਹੈ। ਭਾਜਪਾ ਦਾ ਮੁੱਖ ਆਧਾਰ ਰਾਜ ਦੇ ਸ਼ਹਿਰੀ ਹਿੰਦੂਆਂ 'ਚ ਹੈ ਅਤੇ ਇਸ ਨੂੰ ਵੀ ਸੂਬਾਈ ਸੱਤਾ 'ਚ ਹਿੱਸੇਦਾਰ ਬਣਾਉਣ ਅਤੇ ਕੇਂਦਰ 'ਚ ਸਰਕਾਰ ਬਣਾਉਣ ਦਾ ਦਾਅਵਾ ਠੋਕਣ ਲਈ ਅਕਾਲੀ ਦਲ ਦੇ ਸਮਰਥਨ ਦੀ ਲੋੜ ਹੈ। ਇਸੇ ਕਾਰਨ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਗਵਰਨੈਂਸ ਦੇ ਮਾਮਲਿਆਂ 'ਚ ਅਕਾਲੀਆਂ ਦੇ ਹੱਥੋਂ ਆਪਣੇ ਸੂਬਾਈ ਮੰਤਰੀਆਂ ਦੀ ਹੋ ਰਹੀ ਬੇਇੱਜ਼ਤੀ ਦੀ ਵੀ ਅਣਦੇਖੀ ਕਰਦੀ ਹੈ।

ਅਸਲ 'ਚ ਪੰਜਾਬ ਵਿਚ ਕੋਈ ਵੀ ਅਜਿਹੀ ਹੋਰ ਪਾਰਟੀ ਨਹੀਂ, ਜੋ ਅਕਾਲੀ-ਭਾਜਪਾ ਗੱਠਜੋੜ ਨਾਲ ਹੱਥ ਮਿਲਾ ਸਕੇ। ਭਾਰੀ ਪੱਧਰ 'ਤੇ ਆਪਣਾ ਜਨ-ਆਧਾਰ ਗੁਆ ਚੁੱਕੀ ਬਹੁਜਨ ਸਮਾਜ ਪਾਰਟੀ (ਬਸਪਾ) ਜੇਕਰ ਕਿਸੇ ਗੱਠਜੋੜ 'ਚ ਸ਼ਾਮਿਲ ਹੁੰਦੀ ਵੀ ਹੈ ਤਾਂ ਉਸ ਦਾ ਜ਼ਿਆਦਾ ਝੁਕਾਅ ਕਾਂਗਰਸ ਵੱਲ ਹੀ ਹੋਵੇਗਾ।

2012 ਤੋਂ ਪੰਜਾਬ 'ਚ ਹਰ ਤਰ੍ਹਾਂ ਦੀ ਚੋਣ 'ਚ ਧੂੜ ਚੱਟਦੀ ਆ ਰਹੀ ਕਾਂਗਰਸ ਪੰਜਾਬ ਪੀਪਲਜ਼ ਪਾਰਟੀ ਦੀ ਅਗਵਾਈ ਵਾਲੇ ਸਾਂਝੇ ਮੋਰਚੇ (ਜਿਸ 'ਚ ਖੱਬੀਆਂ ਪਾਰਟੀਆਂ ਵੀ ਸ਼ਾਮਿਲ ਹਨ) ਅਤੇ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਾਲੇ ਅਕਾਲੀ ਦਲ ਲੌਂਗੋਵਾਲ ਨਾਲ ਚੋਣ ਸਮਝੌਤਾ ਕਰ ਸਕਦੀ ਹੈ। ਇਨ੍ਹਾਂ ਪਾਰਟੀਆਂ ਦੀ ਕਾਰਗੁਜ਼ਾਰੀ ਬੇਸ਼ੱਕ ਬਹੁਤ ਤਰਸਯੋਗ ਹੈ, ਫਿਰ ਵੀ ਉਨ੍ਹਾਂ ਖੇਤਰਾਂ ਦੇ ਨਤੀਜਿਆਂ ਨੂੰ ਪ੍ਰਭਾਵਿਤ ਕਰ ਸਕਦੀ ਹੈ, ਜਿੱਥੇ ਬਹੁਤ ਕਾਂਟੇ ਦੀ ਟੱਕਰ ਹੋਵੇਗੀ। ਹੁਣ ਗੱਲ ਕਰਦੇ ਹਾਂ 9 ਲੋਕ ਸਭਾ ਸੀਟਾਂ ਵਾਲੇ ਹਰਿਆਣਾ ਦੀ। ਉਥੇ ਹਾਸ਼ੀਏ 'ਤੇ ਧੱਕ ਦਿੱਤੀ ਗਈ ਬਸਪਾ ਦਾ ਸੱਤਾਧਾਰੀ ਕਾਂਗਰਸ ਨਾਲ ਚੋਣ ਗੱਠਜੋੜ ਹੋਣ ਦੀ ਸੰਭਾਵਨਾ ਹੈ ਪਰ ਇਸ ਮੁੱਦੇ 'ਤੇ ਫੈਸਲਾ ਇਸ ਤੱਥ 'ਤੇ ਨਿਰਭਰ ਕਰੇਗਾ ਕਿ ਕਾਂਗਰਸੀ ਲੀਡਰਸ਼ਿਪ ਅਤੇ ਮਾਇਆਵਤੀ ਹੱਥ ਮਿਲਾਉਣ ਲਈ ਤਿਆਰ ਹੁੰਦੇ ਹਨ ਜਾਂ ਨਹੀਂ।



ਭਾਜਪਾ ਦੀ ਸਥਿਤੀ ਸੱਪ ਅਤੇ ਛਛੂੰਦਰ ਵਰਗੀ ਬਣੀ ਹੋਈ ਹੈ। ਪਿਛਲੇ ਕਈ ਸਾਲਾਂ ਤੋਂ ਆਪਣਾ ਜ਼ਿਆਦਾਤਰ ਜਨ-ਆਧਾਰ ਗੁਆ ਚੁੱਕੀ ਬਸਪਾ 'ਆਇਆ ਰਾਮ ਗਿਆ ਰਾਮ' ਦੀ ਇਸ ਭੂਮੀ 'ਚ ਭਜਨ ਲਾਲ ਦੇ ਬੇਟੇ ਕੁਲਦੀਪ ਬਿਸ਼ਨੋਈ ਵਾਲੀ ਹਰਿਆਣਾ ਜਨਹਿਤ ਕਾਂਗਰਸ (ਹਜਕਾਂ) ਨਾਲ ਗੱਠਜੋੜ ਬਣਾ ਚੁੱਕੀ ਹੈ। ਪਾਰਟੀ 'ਚ ਇਸ ਮੁੱਦੇ 'ਤੇ ਵਿਵਾਦ ਭੜਕ ਉੱਠਿਆ ਹੈ ਕਿ ਕੀ ਉਸ ਨੂੰ ਹਜਕਾਂ ਨਾਲ ਆਪਣੇ ਗੱਠਜੋੜ 'ਤੇ ਡਟੇ ਰਹਿਣਾ ਚਾਹੀਦਾ ਹੈ ਜਾਂ ਓਮ ਪ੍ਰਕਾਸ਼ ਚੌਟਾਲਾ ਦੀ ਅਗਵਾਈ ਵਾਲੀ ਮੁੱਖ ਵਿਰੋਧੀ ਪਾਰਟੀ ਇਨੈਲੋ ਨਾਲ ਹੱਥ ਮਿਲਾਉਣਾ ਚਾਹੀਦਾ ਹੈ।

ਭਾਜਪਾ ਦੀ ਕੇਂਦਰੀ ਲੀਡਰਸ਼ਿਪ ਦੇ ਇਕ ਵਰਗ ਦੇ ਨਾਲ-ਨਾਲ ਸੂਬਾਈ ਪੱਧਰ 'ਤੇ ਦਬਦਬਾ ਰੱਖਣ ਵਾਲਾ ਗੁੱਟ ਹਜਕਾਂ ਨਾਲ ਗੱਠਜੋੜ ਜਾਰੀ ਰੱਖਣਾ ਚਾਹੁੰਦਾ ਹੈ, ਜਦਕਿ ਕੇਂਦਰੀ ਲੀਡਰਸ਼ਿਪ ਦਾ ਹੋਰ ਪ੍ਰਭਾਵਸ਼ਾਲੀ ਵਰਗ ਇਨੈਲੋ ਨਾਲ ਗੱਠਜੋੜ ਦੇ ਪੱਖ 'ਚ ਹੈ। ਗੱਠਜੋੜ 'ਤੇ ਇਹ ਭਰਮ ਵਾਲੀ ਸਥਿਤੀ ਪਿਛਲੇ ਹਫ਼ਤੇ ਦੇ ਘਟਨਾਚੱਕਰ ਨਾਲ ਹੋਰ ਜ਼ਿਆਦਾ ਗੁੰਝਲਦਾਰ ਹੋ ਗਈ ਹੈ। ਬਦਨਾਮ ਜੇ. ਬੀ. ਟੀ. ਦੀ ਭਰਤੀ ਘਪਲੇ 'ਚ 10 ਸਾਲਾਂ ਦੀ ਕੈਦ ਦੀ ਸਜ਼ਾ ਭੁਗਤ ਰਹੇ ਓਮ ਪ੍ਰਕਾਸ਼ ਚੌਟਾਲਾ ਤੇ ਉਨ੍ਹਾਂ ਦੇ ਵੱਡੇ ਬੇਟੇ ਅਜੈ ਚੌਟਾਲਾ ਦੀ ਗ਼ੈਰ-ਹਾਜ਼ਰੀ 'ਚ ਛੋਟਾ ਬੇਟਾ ਅਭੈ ਚੌਟਾਲਾ ਹੀ ਇਨੈਲੋ ਦੀ ਕਮਾਨ ਸੰਭਾਲਣਗੇ ਅਤੇ ਉਸ ਨੇ ਬੀਤੇ ਹਫ਼ਤੇ ਭਾਜਪਾ 'ਤੇ ਜ਼ੋਰਦਾਰ ਹੱਲਾ ਬੋਲਦਿਆਂ ਕਿਹਾ, "ਇਸ ਭਗਵਾ ਪਾਰਟੀ ਨਾਲ ਇਨੈਲੋ ਦਾ ਕੁਝ ਲੈਣਾ-ਦੇਣਾ ਨਹੀਂ। ਇਸ ਦੇ ਅੰਦਰ ਜਾਰੀ ਅੰਦਰੂਨੀ ਕਲੇਸ਼ ਕਾਰਨ ਕੋਈ ਵੀ ਸਿਆਸੀ ਪਾਰਟੀ ਇਸ ਨਾਲ ਹੱਥ ਮਿਲਾਉਣ ਨੂੰ ਤਿਆਰ ਨਹੀਂ....।" ਬੀਮਾਰੀ ਤੋਂ ਪੀੜਤ ਓਮ ਪ੍ਰਕਾਸ਼ ਚੌਟਾਲਾ ਨੇ ਹਸਪਤਾਲ ਦੇ ਬਿਸਤਰੇ ਤੋਂ ਸੰਦੇਸ਼ ਦਿੱਤਾ, "ਇਨੈਲੋ ਕਿਸੇ ਗੱਠਜੋੜ ਦੇ ਬਿਨਾਂ ਵੀ ਬਹੁਤ ਮਜ਼ਬੂਤੀ ਨਾਲ ਖੜ੍ਹੀ ਹੋ ਸਕਦੀ ਹੈ।" ਪਰ ਰਾਜਨਾਥ ਸਿੰਘ ਅਤੇ ਮੁਖਤਾਰ ਅੱਬਾਸ ਨਕਵੀ ਸਮੇਤ ਜਦੋਂ ਕੁਝ ਭਾਜਪਾ ਨੇਤਾ ਉਨ੍ਹਾਂ ਨੂੰ ਹਸਪਤਾਲ 'ਚ ਮਿਲਣ ਗਏ ਤਾਂ ਬਾਅਦ 'ਚ ਉਨ੍ਹਾਂ ਨੇ ਸੁਰ ਬਦਲਦਿਆਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਕਾਂਗਰਸ ਵਿਰੁੱਧ ਖੜ੍ਹੀ ਹੋਣ ਵਾਲੀ ਕਿਸੇ ਵੀ ਪਾਰਟੀ ਨਾਲ ਹੱਥ ਮਿਲਾਉਣ ਲਈ ਤਿਆਰ ਹੈ।

ਉਂਝ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਭਾਜਪਾ ਨਾਲ ਗੱਠਜੋੜ 'ਚ ਬੱਝੇ ਹੋਏ ਚੌਟਾਲਾ ਦੇ ਪਰਿਵਾਰਕ ਮਿੱਤਰ ਪ੍ਰਕਾਸ਼ ਸਿੰਘ ਬਾਦਲ ਉਨ੍ਹਾਂ ਨੂੰ ਭਾਜਪਾ ਨਾਲ ਗੱਠਜੋੜ ਕਰਨ ਲਈ ਰਾਜ਼ੀ ਕਰ ਰਹੇ ਹਨ ਪਰ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ 'ਚ ਜੇਕਰ ਅਦਾਲਤ ਦਾ ਫ਼ੈਸਲਾ ਚੌਟਾਲਾ ਅਤੇ ਉਨ੍ਹਾਂ ਦੇ ਦੋਹਾਂ ਬੇਟਿਆਂ ਵਿਰੁੱਧ ਆਉਂਦਾ ਹੈ ਤਾਂ ਭਾਜਪਾ ਲਈ ਦਾਗ਼ਦਾਰ ਇਨੈਲੋ ਨਾਲ ਹੱਥ ਮਿਲਾਉਣਾ ਅਸੰਭਵ ਹੋ ਜਾਵੇਗਾ। ਇਹ ਕੋਈ ਲੁਕੀ-ਛੁਪੀ ਗੱਲ ਨਹੀਂ ਕਿ ਸਿਆਸਤਦਾਨ ਦੋਹਰੇ ਚਰਿੱਤਰ ਵਾਲੇ ਹੁੰਦੇ ਹਨ। ਇਨੈਲੋ ਨੇਤਾਵਾਂ ਦੇ ਹਾਲ ਹੀ ਦੇ ਬਿਆਨ ਇਸ ਦੀ ਨਵੀਂ ਮਿਸਾਲ ਹਨ।

6 ਸੰਸਦੀ ਸੀਟਾਂ ਦਾ ਯੋਗਦਾਨ ਪਾਉਣ ਵਾਲੇ ਜੰਮੂ-ਕਸ਼ਮੀਰ ਅਤੇ 4 ਸੀਟਾਂ ਵਾਲੇ ਹਿਮਾਚਲ ਪ੍ਰਦੇਸ਼ 'ਚ ਸਿਆਸੀ ਗੱਠਜੋੜਾਂ ਬਾਰੇ ਕੋਈ ਭਰਮ ਵਾਲੀ ਸਥਿਤੀ ਨਹੀਂ ਹੈ। ਕਾਂਗਰਸ-ਨੈਸ਼ਨਲ ਕਾਨਫਰੰਸ ਗੱਠਜੋੜ ਜੰਮੂ-ਕਸ਼ਮੀਰ 'ਚ ਸੱਤਾਧਾਰੀ ਹੈ, ਜਦਕਿ ਮੁਫ਼ਤੀ ਮੁਹੰਮਦ ਸਈਦ ਦੀ ਪੀਪਲਜ਼ ਡੈਮੋਕ੍ਰੇਟਿਕ ਪਾਰਟੀ ਮੁੱਖ ਅਪੋਜ਼ੀਸ਼ਨ ਪਾਰਟੀ ਹੈ। ਗੱਠਜੋੜ ਸਹਿਯੋਗੀ ਦੀ ਚੋਣ ਨੂੰ ਲੈ ਕੇ ਕਦੇ-ਕਦੇ ਕਾਂਗਰਸ ਦੇ ਅੰਦਰ ਮੱਤਭੇਦ ਪੈਦਾ ਹੋ ਜਾਂਦੇ ਹਨ ਪਰ ਇਸ ਦੇ ਬਾਵਜੂਦ ਨੈਸ਼ਨਲ ਕਾਨਫਰੰਸ ਨਾਲ ਇਸ ਦਾ ਗੱਠਜੋੜ ਜਾਰੀ ਰਹੇਗਾ। ਜੰਮੂ-ਕਸ਼ਮੀਰ ਦੇ ਮੁੱਖ ਤੌਰ 'ਤੇ ਜੰਮੂ ਖੇਤਰ 'ਚ ਆਧਾਰਿਤ ਭਾਜਪਾ ਵਿਧਾਨ ਪ੍ਰੀਸ਼ਦ ਚੋਣਾਂ ਵਿੱਚ ਇਸ ਦੇ ਵਿਧਾਇਕਾਂ ਵਲੋਂ ਸੱਤਾਧਾਰੀ ਗੱਠਜੋੜ ਦੇ ਪੱਖ 'ਚ ਮੱਤਦਾਨ ਕੀਤੇ ਜਾਣ ਤੋਂ ਬਾਅਦ ਕੁਝ ਸਾਲ ਪਹਿਲਾਂ ਦੋਫਾੜ ਹੋ ਗਈ ਸੀ। ਮੌਜੂਦਾ ਸਮੇਂ 'ਚ ਪਾਰਟੀ ਨੂੰ ਹੱਥ ਮਿਲਾਉਣ ਲਈ ਕੋਈ ਸੰਭਾਵੀ ਸਹਿਯੋਗੀ ਨਹੀਂ ਮਿਲਿਆ। ਹਿਮਾਚਲ ਪ੍ਰਦੇਸ਼ 'ਚ ਵੀ ਭਾਜਪਾ ਕੁਝ ਸਾਲ ਪਹਿਲਾਂ ਉਦੋਂ ਦੋਫਾੜ ਹੋ ਗਈ ਸੀ, ਜਦੋਂ ਸਾਬਕਾ ਮੁੱਖ ਮੰਤਰੀ ਪ੍ਰੇਮ ਕੁਮਾਰ ਧੂਮਲ ਦੀ ਕਾਰਜਸ਼ੈਲੀ ਦੇ ਵਿਰੋਧ 'ਚ ਮਹੇਸ਼ਵਰ ਸਿੰਘ ਦੀ ਅਗਵਾਈ ਵਿਚ ਪਾਰਟੀ ਦੇ ਕਾਫੀ ਪ੍ਰਭਾਵੀ ਹਿੱਸੇ ਨੇ ਇਸ ਨਾਲੋਂ ਨਾਤਾ ਤੋੜ ਲਿਆ ਸੀ। ਇਨ੍ਹਾਂ ਬਾਗ਼ੀਆਂ ਨੇ ਖ਼ੁਦ ਨੂੰ ਹਿਮਾਚਲ ਲੋਕਹਿੱਤ ਪਾਰਟੀ ਦੇ ਨਾਂ ਨਾਲ ਸੰਗਠਨ ਕਰ ਲਿਆ ਹੈ। ਸੱਤਾਧਾਰੀ ਕਾਂਗਰਸ ਨੇ ਮੰਡੀ ਲੋਕ ਸਭਾ ਉਪ-ਚੋਣ 'ਚ ਅਜੇ ਪਿਛਲੇ ਹੀ ਹਫ਼ਤੇ ਬਹੁਤ ਭਾਰੀ ਫ਼ਰਕ ਨਾਲ ਭਾਜਪਾ ਨੂੰ ਧੂੜ ਚਟਾਈ ਹੈ। ਰਾਸ਼ਟਰੀ ਦਲਾਂ ਨਾਲ ਗੱਠਜੋੜ ਕਰਦੇ ਸਮੇਂ ਖੇਤਰੀ ਪਾਰਟੀਆਂ ਸੱਤਾਧਾਰੀ ਦਲਾਂ ਦੀ ਦਿੱਖ ਨੂੰ ਕਸੌਟੀ ਦੇ ਰੂਪ 'ਚ ਵਰਤਦੀਆਂ ਹਨ। ਕੁਝ ਮਹੀਨੇ ਪਹਿਲਾਂ ਤਕ ਅਜਿਹਾ ਲੱਗਦਾ ਸੀ ਕਿ ਘਪਲਿਆਂ ਨਾਲ ਦਾਗ਼ਦਾਰ ਹੋਏ ਯੂ. ਪੀ. ਏ. ਦੀ ਲਕਵਾਗ੍ਰਸਤ ਰਾਜਨੀਤੀ ਅਤੇ ਗਵਰਨੈਂਸ ਆਪਣੇ ਜ਼ਿਆਦਾਤਰ ਸਹਿਯੋਗੀਆਂ ਨੂੰ ਟਿਕਾਈ ਰੱਖਣ ਅਤੇ ਨਵਿਆਂ ਦੀ ਭਾਲ ਕਰਨ ਦੇ ਰਸਤੇ 'ਚ ਰੋੜਾ ਬਣ ਜਾਵੇਗੀ ਪਰ ਪਿਛਲੇ ਕੁਝ ਹਫ਼ਤਿਆਂ ਦੌਰਾਨ ਜਿਸ ਤੇਜ਼ੀ ਨਾਲ ਇਸ ਨੇ ਨਵੀਆਂ ਨੀਤੀਆਂ ਦਾ ਐਲਾਨ ਕੀਤਾ ਹੈ ਅਤੇ ਗਵਰਨੈਂਸ ਦੇ ਮਾਮਲੇ 'ਚ ਪਹਿਲਕਦਮੀ ਦਿਖਾਈ ਹੈ, ਉਸ ਨਾਲ ਇਸ ਨੇ ਫੂਡ ਦੇ ਰੋਗੀ ਵਰਗੀ ਆਪਣੀ ਦਿੱਖ ਨੂੰ ਇਕਦਮ ਬਦਲ ਲਿਆ ਹੈ। ਖੇਤਰੀ ਪਾਰਟੀਆਂ ਦੇ ਸਥਾਈ ਹਿੱਤਾਂ ਨਾਲ ਮਿਲ ਕੇ ਇਹ ਘਟਨਾਚੱਕਰ 2014 ਦੀ ਚੋਣ 'ਚ ਉੱਤਰ-ਪੱਛਮ ਦੇ ਚਾਰੋਂ ਰਾਜਾਂ 'ਚ ਕਾਂਗਰਸ ਲਈ ਸਹਾਇਕ ਸਿੱਧ ਹੋ ਸਕਦਾ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਇੰਡੀਆ- ਪੰਜਾਬ ਖਬਰਨਾਮਾ

## ਸਫਾਈ ਕਰਮਚਾਰੀਆਂ ਦੀ ਤਨਖਾਹ ਰੋਕਣ ਤੇ ਟਕਰਾਅ

ਫਿਰੋਜ਼ਾਬਾਦ- ਗ੍ਰਾਮ ਪੰਚਾਇਤ ਰਾਜ ਵਿਭਾਗ ਵਿਚ ਕੰਮ ਕਰਦੀਆਂ ਕੁਝ ਔਰਤ ਸਫਾਈ ਕਰਮਚਾਰੀਆਂ ਦੀ ਤਨਖਾਹ ਰੋਕਣ ਤੇ ਵਿਸ਼ਵ ਵਾਲਮੀਕ ਧਰਮ ਪਰਿਸ਼ਦ ਦੇ ਅਹੁਦੇਦਾਰਾਂ ਨੇ ਵਿਭਾਗੀ ਅਧਿਕਾਰੀਆਂ ਵਿਰੁੱਧ ਰੋਸ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਹੈ। ਪੈਂਡਿੰਗ ਤਨਖਾਹਾਂ ਨੂੰ ਲੈ ਕੇ ਪਰਿਸ਼ਦ ਦੇ ਮੁਖੀ ਚੌਧਰੀ ਵਿਵੇਕ ਵਾਲਮੀਕ ਪਹਿਲਾਂ ਜ਼ਿਲ੍ਹਾ ਪੰਚਾਇਤ ਰਾਜ ਅਧਿਕਾਰੀ ਨੂੰ ਮਿਲੇ। ਉਹਨਾਂ ਨੇ ਜ਼ਿਲ੍ਹਾ ਪੰਚਾਇਤ ਰਾਜ ਅਧਿਕਾਰੀ ਤੋਂ ਸਮੱਸਿਆਵਾਂ ਦਾ ਹੱਲ ਕਰਵਾਉਣ ਦੇ ਲਈ ਏ. ਡੀ. ਓ. ਗੰਗਾ ਸਿੰਘ ਨੂੰ ਸਮੱਸਿਆਵਾਂ ਦੇ ਸਬੰਧ ਵਿਚ ਨਿਰਦੇਸ਼ਿਤ ਕਰਕੇ ਹੱਲ ਕੱਢਣ ਦੀ ਮੰਗ ਕੀਤੀ। ਵਿਵੇਕ ਵਾਲਮੀਕ ਏ. ਡੀ. ਓ. ਗੰਗਾ ਸਿੰਘ ਨੂੰ ਮਿਲਣ ਫਿਰੋਜਾਬਾਦ ਬਲਾਕ ਗਏ। ਜਿੱਥੇ ਦੋਵਾਂ ਵਿਚਕਾਰ ਨੋਕ-ਝੋਕ ਵੀ ਹੋਈ।

ਇਸਨੂੰ ਲੈ ਕੇ ਉਹਨਾਂ ਨੇ ਸੁਵਿਧਾ ਟੈਕਸ ਮੰਗਣ ਦਾ ਦੋਸ਼ ਲਗਾਇਆ। ਇਸ ਮਾਮਲੇ ਨੂੰ ਲੈ ਕੇ ਪਰਿਸ਼ਦ ਵਰਕਰ ਸ਼ੁੱਕਰਵਾਰ ਨੂੰ ਡੀ. ਐਮ. ਨੂੰ ਮਿਲ ਕੇ ਸ਼ਿਕਾਇਤ ਦਰਜ ਕਰਵਾਉਣਗੇ।

## ਕੁੱਟਮਾਰ ਕਾਰਨ ਬਜ਼ੁਰਗ ਮਜ਼ਦੂਰ ਦੀ ਮੌਤ

ਖੂਟਨ (ਜੌਨਪੁਰ)- ਗੁੰਡਿਆਂ ਨੇ ਆਪਣੀ ਮਜ਼ਦੂਰੀ ਦੇ ਪੈਸੇ ਮੰਗ ਰਹੇ ਬਜ਼ੁਰਗ ਦੀ ਸੋਟੀਆਂ ਨਾਲ ਕੁੱਟਮਾਰ ਕੀਤੀ। ਉਸਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਦੀ ਮੌਤ ਹੋ ਗਈ। ਪੁਲਿਸ ਨੇ ਚਾਰ ਲੋਕਾਂ ’ਤੇ ਗੈਰ-ਇਰਾਦਤਨ ਹੱਤਿਆ ਦਾ ਮਾਮਲਾ ਦਰਜ ਕੀਤਾ ਹੈ। ਇਹ ਵਾਰਦਾਤ ਬੁੱਧਵਾਰ ਨੂੰ ਸ਼ਾਮੀ ਵਾਪਰੀ। ਰਮਨੀਪੁਰ ਪਿਡ ਨਿਵਾਸੀ ਦਲਿਤ ਜਗਦੇਵ ਸਿੰਘ ਉਮਰ 65 ਸਾਲ ਨੇ ਇਕ ਪੰਦਰਵਾੜਾ ਪਹਿਲਾਂ ਆਪਣੇ ਪੜੌਸੀ ਅਜੀਤ ਦਾ ਛੱਪਰ ਬਣਾਇਆ ਸੀ, ਜਿਸਦੀ ਮਜ਼ਦੂਰੀ ਨਾ ਮਿਲਣ ’ਤੇ ਉਹ ਵਾਰ ਵਾਰ ਪੈਸਿਆਂ ਦੀ ਮੰਗ ਕਰ ਰਿਹਾ ਸੀ। ਬੁੱਧਵਾਰ ਨੂੰ ਜਗਦੇਵ ਨੇ ਮੁੜ ਪੈਸੇ ਮੰਗੇ ਤਾਂ ਝਗੜਾ ਹੋ ਗਿਆ। ਆਸ ਪਾਸ ਦੇ ਲੋਕਾਂ ਨੇ ਸਮਝਾ ਕੇ ਮਾਮਲਾ ਸ਼ਾਂਤ ਕਰਵਾਇਆ। ਇਸਨੂੰ ਲੈ ਕੇ ਭੜਕੇ ਅਜੀਤ ਦੇ ਪਰਿਵਾਰ ਵਾਲਿਆਂ ਨੇ ਬਾਜ਼ਾਰ ਤੋਂ ਘਰ ਆਉਂਦੇ ਵਕਤ ਜਗਦੇਵ ’ਤੇ ਹਮਲਾ ਕਰ ਦਿੱਤਾ। ਰੌਲਾ ਸੁਣ ਕੇ ਪਹੁੰਚੇ ਪਰਿਵਾਰ ਦੇ ਲੋਕ ਉਸਨੂੰ ਹਸਪਤਾਲ ਲੈ ਗਏ ਪਰ ਕੁਝ ਹੀ ਦੇਰ ਬਾਅਦ ਉਸਦੀ ਮੌਤ ਹੋ ਗਈ। ਪੁਲਿਸ ਨੇ ਅਜੀਤ। ਬੱਲੂ, ਟਿੱਡੀ, ਰਾਮਅਵਧ, ਅਨਿਲ ਨਿਵਾਸੀ ਪਿੰਡ ਰਮਨੀਪੁਰ ਦੇ ਖਿਲਾਫ ਹੱਤਿਆ ਦਾ ਮੁਕੱਦਮਾ ਦਰਜ ਕਰਕੇ ਦੋਸ਼ੀਆਂ ਦੀ ਭਾਲ ਵਿਚ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ ਹਨ।

## ਭਾਜਪਾ ਅਨੁਸੂਚਿਤ ਜਾਤੀ ਮੋਰਚੇ ਦਾ ਵਿਸਥਾਰ

ਜਹਾਨਾਬਾਦ- ਭਾਜਪਾ ਅਨੁਸੂਚਿਤ ਜਾਤੀ ਮੋਰਚੇ ਦੇ ਜ਼ਿਲ੍ਹਾ ਪ੍ਰਧਾਨ ਜੋਗਿੰਦਰ ਦਾਸ ਨੇ ਸੰਗਠਨ ਨੂੰ ਮਜ਼ਬੂਤੀ ਦੇ ਉਦੇਸ਼ ਨਾਲ ਅਨੁਸੂਚਿਤ ਜਾਤੀ ਮੋਰਚੇ ਦਾ ਵਿਸਥਾਰ ਕੀਤਾ। ਉਹਨਾਂ ਨੇ 20 ਮੈਂਬਰੀ ਕਾਰਜਕਾਰਨੀ ਗਠਨ ਕੀਤੇ ਜਾਣ ਦਾ ਵੀ ਐਲਾਨ ਕੀਤਾ।

ਨਵ-ਗਠਿਤ ਕਾਰਜਕਾਰਨੀ ਵਿਚ ਸ਼ੈਲੇਂਦਰ ਕੁਮਾਰ, ਸੂਰੀਆਦੇਵ ਦਾਸ ਰਿੰਕੂ ਮਾਂਝੀ ਨੂੰ ਉਪ ਪ੍ਰਧਾਨ ਬਣਾਇਆ ਗਿਆ ਹੈ, ਜਦਕਿ ਲਲਨ ਮਾਂਝੀ ਅਤੇ ਆਸ਼ਾ ਦੇਵੀ ਨੂੰ ਮਹਾਂਮੰਤਰੀ ਅਤੇ ਮਹੇਸ਼ ਮਾਂਝੀ, ਸੁਰੇਸ਼ ਪਾਸਵਾਨ, ਰਾਮਾਨੁਜ ਕੁਮਾਰ ਰਜਕ ਨੂੰ ਮੰਤਰੀ ਦਾ ਅਹੁਦਾ ਦਿੱਤਾ ਗਿਆ ਹੈ, ਜਦਕਿ ਵਸੰਤ ਦਾਸ ਨੂੰ ਖਜਾਨਚੀ ਬਣਾਇਆ ਗਿਆ ਹੈ, ਜਦਕਿ ਵਰਕਿੰਗ ਕਮੇਟੀ ਦੇ ਮੈਂਬਰ ਦੇ ਰੂਪ ਵਿਚ ਸੰਜੈ ਦਾਸ, ਮਹੇਸ਼ ਦਾਸ, ਵਿਨੇਸ਼ਵਰ ਦਾਸ, ਮੋਹਨ ਦਾਸ, ਦੀਪਕ ਦਾਸ, ਸ਼ੰਭੂ ਰਾਮ, ਦਲੀਪ ਮਾਂਝੀ, ਸ਼ਿਵਪੂਜਨ ਮਾਂਝੀ ਨੂੰ ਸ਼ਾਮਲ ਕੀਤਾ ਗਿਆ ਹੈ।

## ਉਚ ਜਾਤੀ ਦੀ ਲੜਕੀ ਨਾਲ ਲਵ ਮੈਰਿਜ ਦਲਿਤ ਲੜਕੇ ਨੂੰ ਪਈ ਮਹਿੰਗੀ

ਚੇਨਈ- ਧਰਮਾਪੁਰੀ ਜ਼ਿਲ੍ਹੇ ਦੇ ਤਿੰਨ ਪਿੰਡਾਂ ਵਿਚ ਜਿਸ ਦਲਿਤ ਲੜਕੇ ਅਤੇ ਉਚ ਜਾਤੀ ਦੀ ਲੜਕੀ ਦੇ ਵਿਆਹ ਦੇ ਕਾਰਨ ਪਿਛਲੇ ਸਾਲ ਦੰਗੇ ਭੜਕੇ ਸਨ, ਬੀਤੇ ਵੀਰਵਾਰ ਨੂੰ ਉਸ ਲੜਕੇ ਦੀ ਲਾਸ਼ ਸ਼ਹਿਰ ਵਿਚ ਰੇਲਵੇ ਟਰੈਕ ਦੇ ਕੋਲ ਮਿਲੀ। ਦੋਵਾਂ ਨੇ ਪਿਛਲੇ ਸਾਲ ਨਵੰਬਰ ਵਿਚ ਵਿਆਹ ਕਰਵਾਇਆ ਸੀ।

ਇਸ ਮਾਮਲੇ ਵਿਚ ਲੜਕੀ ਦਿਵਿਆ ਨੇ ਕਿਹਾ ਸੀ ਕਿ ਉਹ ਕਦੀ ਵੀ ਆਪਣੇ ਪਤੀ ਦੇ ਕੋਲ ਵਾਪਸ ਨਹੀਂ ਜਾਵੇਗੀ ਅਤੇ ਹੁਣ ਆਪਣੀ ਮਾਂ ਦੇ ਕੋਲ ਰਹੇਗੀ। ਰੇਲਵੇ ਪੁਲਿਸ ਨੇ ਦੱਸਿਆ ਕਿ ਲੜਕਾ ਇਲਾਵਰਾਸਨ ਦੀ ਲਾਸ਼ ਧਰਮਾਪੁਰੀ ਵਿਚ ਸਰਕਾਰੀ ਆਰਟਸ ਕਾਲਜ ਦੇ ਪਿੱਛੇ ਰੇਲਵੇ ਟਰੈਕ ਦੇ ਕੋਲ ਮਿਲੀ। ਲੜਕੀ ਦੀ ਮੌਤ ਦੀ ਖ਼ਬਰ ਤੋਂ ਬਾਅਦ ਨਈਕੇਨਕੋਟਾਈ ਦੇ ਦਲਿਤ ਇਲਾਕਿਆਂ ਵਿਚ ਤਣਾਅ ਦੀ ਸਥਿਤੀ ਹੈ।

ਕਈ ਲੋਕਾਂ ਨੇ ਸਰਕਾਰੀ ਮੈਡੀਕਲ ਕਾਲਜ ਹਸਪਤਾਲ ’ਤੇ ਪਥਰਾਓ ਵੀ ਕੀਤਾ। ਲੜਕੇ ਦੀ ਲਾਸ਼ ਇੱਥੇ ਰੱਖੀ ਗਈ ਹੈ।

ਧਰਮਾਪੁਰੀ ਦੇ ਪੁਲਿਸ ਮੁਖੀ ਅਰਸ਼ ਗਰਗ ਨੇ ਕਿਹਾ ਕਿ ਰੇਲਵੇ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਇਸ ਵਿਚ ਕਿਸੇ ਵੀ ਕਿਸਮ ਦੀ ਗੜਬੜੀ ਹੋਣ ਦੇ ਬਾਰੇ ਹਾਲੇ ਕੁਝ ਵੀ ਕਹਿਣਾ ਜਲਦੀਬਾਜੀ ਹੋਵੇਗੀ। ਨਈਕੇਨਕੋਟਾਈ ਦੇ ਸੰਵੇਦਨਸ਼ੀਲ ਇਲਾਕਿਆਂ ਵਿਚ ਪੁਲਿਸ ਬਲ ਤਾਇਨਾਤ ਕੀਤੇ ਗਏ ਹਨ।

## ਮਧੇਪੁਰਾ ਵਿਚ ਮਹਾਂਦਲਿਤ ਦੀ ਹੱਤਿਆ

ਮਧੇਪੁਰਾ- ਸਦਰ ਥਾਣਾ ਖੇਤਰ ਦੀ ਭੇਲਵਾ ਪੰਚਾਇਤ ਦੇ ਸਿਮਰਾਹਾ ਪਿੰਡ ਵਿਚ ਬੁੱਧਵਾਰ ਦੀ ਰਾਤ ਮਹਾਂਦਲਿਤ ਰਾਜਕੁਮਾਰ ਸਾਦਾ ਉਮਰ 49 ਸਾਲ ਦੀ ਹੱਤਿਆ ਕਰ ਦਿੱਤੀ ਗਈ। ਅੱਧਾ ਦਰਜਨ ਦੇ ਕਰੀਬ ਆਏ ਹੱਤਿਆਰਿਆਂ ਨੇ ਪਹਿਲਾਂ ਰਾਜਕੁਮਾਰ ਦੇ ਚਿਹਰੇ ’ਤੇ ਤੇਜਾਬ ਸੁੱਟਿਆ। ਬਾਅਦ ਵਿਚ ਗੋਲੀਆਂ ਮਾਰ ਕੇ ਉਸਦੀ ਹੱਤਿਆ ਕਰ ਦਿੱਤੀ। ਹੱਤਿਆਰਿਆਂ ਨੇ ਇਕ ਗੋਲੀ ਖੱਬੇ ਮੋਢੇ ਦੇ ਹੇਠਾਂ, ਦੂਜੀ ਗੋਲੀ ਸੱਜੇ ਪੈਰ ਦੀ ਅੱਡੀ ਵਿਚ ਮਾਰੀ। ਹੱਤਿਆਰੇ ਘਟਨਾ ਸਥਾਨ ਤੇ ਟਹਿਲਦੇ ਹੋਏ ਆਰਾਮ ਨਾਲ ਨਿਕਲ ਗਏ। ਹੱਤਿਆ ਖੇਤਾਂ ਦੀ ਜ਼ਮੀਨ ਅਤੇ ਉਸ ਵਿਚ ਲੱਗੀ ਮੂੰਗੀ ਦੀ ਫਸਲ ਕੱਢਦ ਦੇ ਵਿਵਾਦ ਕਾਰਨ ਕੀਤੀ ਗਈ। ਮ੍ਰਿਤਕ ਦੀ ਪਤਨੀ ਮੂਸਨੀ ਦੇਵੀ ਨੇ ਤਿੰਨ ਹੱਤਿਆਰਿਆਂ ਦੀ ਪਛਾਣ ਕੀਤੀ ਹੈ। ਮੂਸਨੀ ਨੇ ਦੱਸਿਆ ਕਿ ਉਹ ਆਪਣੇ ਪਤੀ ਦੇ ਨਾਲ ਘਰ ਦੇ ਸਾਹਮਣੇ ਸੜਕ ਦੇ ਕਿਨਾਰੇ ਸਥਿਤ ਆਪਣੀ ਦੁਕਾਨ ਤੇ ਸੌਂ ਰਹੀ ਸੀ। ਰਾਤੀ 11 ਵਜੇ ਦੇ ਕਰੀਬ ਅੱਧਾ ਦਰਜਨ ਹਮਲਾਵਰ ਉਥੇ ਆ ਧਮਕੇ। ਉਹਨਾਂ ਵਿਚੋਂ ਤਿੰਨ ਦੁਕਾਨ ਦੇ ਅੰਦਰ ਵੜ ਆਏ, ਜਦਕਿ ਤਿੰਨ ਬਾਹਰ ਖੜ੍ਹੇ ਰਹੇ। ਮੂਸਨੀ ਨੂੰ ਖਿੱਚ ਕੇ ਪਰੇ ਹਟਾ ਦਿੱਤਾ। ਰਾਜਕੁਮਾਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਮੂਸਨੀ ਨੇ ਦੱਸਿਆ, ਰਾਜਕੁਮਾਰ ਨੂੰ ਗੋਲੀ ਮਾਰਨ ਵਾਲਿਆਂ ਵਿਚ ਮਿਥਿਲੇਸ਼ ਯਾਦਵ, ਪੱਪੂ ਯਾਦਵ ਅਤੇ ਵੀਰੇਂਦਰ ਯਾਦਵ ਸ਼ਾਮਲ ਸਨ। ਹੋਰ ਲੋਕਾਂ ਨੂੰ ਉਹ ਹਨੇਰਾ ਹੋਣ ਦੇ ਕਾਰਨ ਪਛਾਣ ਨਹੀਂ ਸਕੀ।

ਮੂਸਨੀ ਨੇ ਦੱਸਿਆ ਕਿ ਉਹਨਾਂ ਦੇ ਕੋਲ 50 ਏਕੜ ਗੈਰਮਜਰੂਆ ਖਾਸ ਸਰਕਾਰੀ ਜ਼ਮੀਨ ਸੀ। ਜ਼ਮੀਨ ਦੀ ਪਰਮਾਨਗੀ ਉਹਨਾਂ ਦੇ ਨਾਂ ਬਣੀ ਹੋਈ ਸੀ। ਜ਼ਮੀਨ ਤੇ ਉਹਨਾਂ ਦਾ ਕਬਜ਼ਾ ਵੀ ਸੀ ਪਰ ਪਹਿਲਾਂ ਮਣੀ ਬਾਬੂ ਨਾਮੀ ਵਿਅਕਤੀ ਇਸ ਜ਼ਮੀਨ ’ਤੇ ਆਪਣਾ ਦਾਅਵਾ ਕਰਦਾ ਸੀ, ਕਿਉਂਕਿ ਖਾਤਾ ਮਣੀ ਦੇ ਨਾਂ ਹੀ ਖੁੱਲ੍ਹਿਆ ਸੀ। ਬਾਅਦ ਵਿਚ ਮਣੀ ਜ਼ਮੀਨ ਤੋਂ ਕਿਨਾਰੇ ਹੋ ਗਏ।

## ਐਸ.ਸੀ.-ਐਸ.ਟੀ. ਵਿਦਿਆਰਥੀਆਂ ਦੇ ਦਾਖਲਿਆਂ ਵਿਚ ਵਾਧਾ

ਨਵੀਂ ਦਿੱਲੀ- ਦਿੱਲੀ ਯੂਨੀਵਰਸਿਟੀ ਵਿਚ ਤੀਜੀ ਕਟਆਫ ਜਾਰੀ ਹੋਣ ਤੋਂ ਬਅਦ ਨੌਰਥ ਅਤੇ ਸਾਊਥ ਕੈਂਪਸ ਦੇ ਨਾਲ ਕੈਂਪਸ ਦੇ ਬਾਹਰ ਦੇ ਕਾਲਜਾਂ ਵਿਚ ਵੀ ਦਾਖਲਿਆਂ ਦੇ ਲਈ ਵਿਦਿਆਰਥੀਆਂ ਦੀ ਭੀੜ ਉਮੜੀ। ਹਾਲਾਂਕਿ ਕਈ ਕਾਲਜਾਂ ਨੇ ਪਾਪੂਲਰ ਕੋਰਸਾਂ ਵਿਚ ਸੀਟਾਂ ਭਰ ਜਾਣ ਦੇ ਕਾਰਨ ਤੀਜੀ ਕਟਆਫ ਨਹੀਂ ਜਾਰੀ ਕੀਤੀ ਹੈ। ਪਰ ਨੌਰਥ ਕੈਂਪਸ ਦੇ ਕਾਲਜਾਂ ਵਿਚ ਕਟ ਆਫ ਵਿਚ ਮਾਮੂਲੀ ਕਮੀ ਕਾਰਨ ਵੀ ਵਿਦਿਆਰਥੀਆਂ ਦੀ ਭੀੜ ਉਮਰ ਰਹੀ ਹੈ। ਦਾਖਲਾ ਲੈ ਚੁੱਕੇ ਵਿਦਿਆਰਥੀ ਵੀ ਤੀਜੀ ਕਟਆਫ ਤੋਂ ਬਾਅਦ ਬਿਹਤਰ ਕਾਲਜ ਅਤੇ ਕੋਰਸ ਵਿਚ ਦਾਖਲੇ ਦੇ ਲਈ ਭੱਜ ਦੌੜ ਕਰ ਰਹੇ ਹਨ। ਤੀਜੀ ਕਟਆਫ ਤੋਂ ਬਾਅਦ ਕਾਲਜਾਂ ਵਿਚ ਆਮ ਵਰਗ ਦੇ ਵਿਦਿਅਰਥੀਆਂ ਦੇ ਲਈ ਵਿਕਲਪ ਸੀਮਤ ਹੋ ਗਏ ਹਨ। ਉਥੇ ਹੀ ਐਸ. ਸੀ- ਐਸ. ਟੀ. ਅਤੇ ਓ. ਬੀ. ਸੀ. ਦੇ ਲਈ ਮੌਕੇ ਵਧੇ ਹਨ। ਤੀਜੀ ਕਟਆਫ ਤੋਂ ਬਾਅਦ ਕਈ ਕਾਲਜਾਂ ਵਿਚ ਓ. ਬੀ .ਸੀ., ਐਸ. ਸੀ.- ਐਸ. ਟੀ. ਸੀਟਾਂ ’ਤੇ ਤੇਜ਼ੀ ਨਾਲ ਦਾਖਲੇ ਹੋਏ ਹਨ। ਕਿਰੋੜੀਮੱਲ ਕਾਲਜ ਦੇ ਪ੍ਰਿੰਸੀਪਲ ਡਾ. ਐਸ. ਪੀ. ਗੁਪਤਾ ਨੇ ਦੱਸਿਆ ਕਿ ਤੀਜੀ ਕਟਆਫ ਤੋਂ ਬਾਅਦ ਉਹਨਾਂ ਦੇ ਇੱਥੇ ਵੱਖ ਵੱਖ ਕੋਰਸਾਂ ਵਿਚ 111 ਦਾਖਲੇ ਹੋਏ ਹਨ। ਹੰਸਰਾਜ ਕਾਲਜ ਦੇ ਪ੍ਰਿੰਸੀਪਲ ਡਾ. ਵੀ. ਕੇ. ਕਵਾਤਰਾ ਨੇ ਦੱਸਿਆ ਕਿ ਉਹਨਾਂ ਦੇ ਕਾਲਜ ਵਿਚ ਕੁੱਲ 129 ਦਾਖਲੇ ਹੋਏ ਹਨ। ਇਤਿਹਾਸ ਅਤੇ ਕਾਮਰਸ ਵਿਚ ਐਸ. ਸੀ- ਐਸ. ਟੀ. ਵਰਗ ਵਿਚ ਵੀ ਸੀਟਾਂ ਭਰ ਗਈਆਂ ਹਨ।

## ਤੇਲ ਕੰਪਨੀਆਂ ਆਏ ਦਿਨ ਪੈਟਰੋਲ ਡੀਜ਼ਲ ਦੀਆਂ ਕੀਮਤਾਂ ’ਚ ਵਾਧਾ ਕਰਕੇ ਆਮ ਆਦਮੀ ਦੀ ਜੇਬ ਤੇ ਡਾਕਾ ਮਾਰ ਰਹੀਆਂ- ਘੇੜਾ

ਫਗਵਾੜਾ (ਬੀ. ਕੇ. ਰੱਤੂ) ਅੰਬੇਡਕਰ ਸੈਨਾ ਪੰਜਾਬ ਦੇ ਚੇਅਰਮੈਨ ਰਾਜਿੰਦਰ ਘੇੜਾ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਪੈਟਰੋਲ ਤੇ ਡੀਜ਼ਲ ਦੀ ਕੀਮਤ 'ਚ ਆਏ ਦਿਨ ਕੀਤੇ ਜਾ ਰਹੇ ਵਾਧੇ ਦੀ ਜ਼ੋਰਦਾਰ ਸ਼ਬਦਾਂ 'ਚ ਨਿਖੇਧੀ ਕੀਤੀ।ਘੇੜਾ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਪੈਟਰੋਲ ਤੇ ਡੀਜ਼ਲ ਨੂੰ ਕੰਟਰੋਲ ਮੁਕਤ ਕਰਕੇ ਦੇਸ਼ ਦੀ ਜੰਤਾ ਨਾਲ ਧੋਖਾ ਕੀਤਾ ਹੈ ਅਤੇ ਪੈਟਰੋਲੀਅਮ ਕੰਪਨੀਆਂ ਨੂੰ ਆਪਣੀ ਮਨਮਰਜ਼ੀ ਕਰਨ ਦਾ ਲਾਇਸੰਸ ਦੇ ਦਿੱਤਾ ਹੈ।



ਪੈਟਰੋਲ ਕੰਪਨੀਆਂ ਆਪਣੀ ਮਰਜ਼ੀ ਨਾਲ ਆਏ ਦਿਨ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਧਾ ਕੇ ਆਮ ਆਦਮੀ ਦੀ ਜੇਬ ਤੇ ਡਾਕਾ ਮਾਰ ਰਹੀਆ ਹਨ। ਉਨ੍ਹਾਂ ਕਿਹਾ ਕਿ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵੱਧਣ ਨਾਲ ਖਾਣ ਪੀਣ ਦੀਆਂ ਵਸਤਾਂ 'ਚ ਲਗਾਤਾਰ ਵਾਧਾ ਹੋ ਰਿਹਾ ਹੈ, ਜਿਸ ਨਾਲ ਗਰੀਬਾਂ ਤੇ ਮਧਿਅਮ ਵਰਗ ਤੋਂ ਦੋ ਵੇਲੇ ਦੀ ਰੋਟੀ ਦੂਰ ਹੁੰਦੀ ਜਾ ਰਹੀ ਹੈ। ਘੇੜਾ ਨੇ ਪੰਜਾਬ ਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਆਏ ਦਿਨ ਪੈਟਰੋਲੀਅਮ ਕੰਪਨੀਆਂ ਵਲੋਂ ਪੈਟਰੋਲ ਤੇ ਡੀਜ਼ਲ ਦੀਆਂ ਵਧਦੀਆਂ ਹੋਈਆਂ ਕੀਮਤਾਂ ਤੇ ਨਿਰੰਤਰ ਰੱਖਣ ਲਈ ਠੋਸ ਕਦਮ ਚੁੱਕੇ ਜਾਣ, ਤਾਂ ਜੋ ਤੇਲ ਕੰਪਨੀਆਂ ਆਪਣੀ ਮਨਮਰਜ਼ੀ ਬੰਦ ਹੋ ਸਕੇ। ਇਸ ਮੋਕੇ ਸੰਦੀਪ ਦੀਪਾ, ਮੋਂਟੀ ਮਹਿਮੀ, ਬਿੰਦਰ, ਜਿੰਦਰ ਆਦਿ ਮੌਜੂਦ ਸਨ।

## ਕਮਲਾ ਨਹਿਰੂ ਕਾਲਜ ਦੀਆਂ ਵਿਦਿਆਰਥਣਾਂ ਬੀ ਸੀ ਐਸ ਫੈਸ਼ਨ ਡਿਜ਼ਾਇਨ ’ਚ ਮੱਲਾਂ ਮਾਰੀਆਂ

ਫਗਵਾੜਾ (ਬੀ.ਕੇ.ਰੱਤੂ) ਕਮਲਾ ਨਹਿਰੂ ਕਾਲਜ ਫਾਰ ਵੂਮੈਨ ਫਗਵਾੜਾ ਦੀਆਂ ਵਿਦਿਆਰਥਣਾਂ ਨੇ ਬੀ ਸੀ ਐਸ ਫੈਸ਼ਨ ਡਿਜ਼ਾਇਨ ਭਾਗ ਤੀਜਾ 'ਚ ਮੱਲਾਂ ਮਾਰ ਕੇ ਕਾਲਜ, ਆਪਣਾ ਅਤੇ ਆਪਣੇ ਮਾਤਾ ਪਿਤਾ ਦਾ ਨਾਂ ਰੋਸ਼ਨ ਕੀਤਾ। ਕਾਲਜ ਪ੍ਰਿੰਸੀਪਲ ਡਾ:ਕਿਰਨ ਵਾਲੀਆ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕਾਲਜ ਦਾ ਨਤੀਜਾ 100 ਫਸਿਦੀ ਰਿਹਾ। ਕਾਲਜ ਦੀਆਂ ਵਿਦਿਆਰਥਣਾਂ ਪ੍ਰਭਜੀਤ ਕੋਰ, ਸ਼ਿੰਕੀ, ਹਰਦੀਪ ਕੋਰ, ਰਾਜਵੀਰ ਕੋਰ ਅਤੇ ਜਸਲੀਨ ਨੇ ਰਿਸਟਿੰਕਸ਼ਨ ਹਾਸਲ ਕੀਤੀ।

ਡਾ: ਕਿਰਨ ਵਾਲੀਆ ਨੇ ਕਾਲਜ ਦੇ ਸਮੂਹ ਸਟਾਫ ਦੀ ਸਖਤ ਮਿਹਨਤ ਵਿਦਿਆਰਥਣਾਂ ਦੀ ਲਗਨ ਕਰਕੇ ਹੀ ਕਾਲਜ ਦਾ ਨਤੀਜਾ 100 ਫੀਸਦੀ ਆਇਆ ਹੈ। ਉਨ੍ਹਾਂ ਕਾਲਜ ਦੀਆਂ ਨੂੰ ਵਧਾਈ ਦਿੰਦਿਆਂ ਉਜਵੱਲ ਭਵਿੱਖ ਦੀ ਕਾਮਨਾ ਕੀਤੀ।

# ਲੋੜਵੰਦ ਤੇ ਦੀਨ ਦੁਖੀਆਂ ਦੀ ਸੇਵਾ ਕੀਤੀ ਵਿਆਰਥ ਨਹੀਂ ਜਾਂਦੀ - ਸ਼੍ਰੀਮਤੀ ਕੈਂਥ

## ਫ਼ਰੀ ਮੈਡੀਕਲ ਚੈੱਕਅੱਪ ਕੈਂਪ ਦੌਰਾਨ 300 ਤੋਂ ਵੱਧ ਮਰੀਜ਼ਾਂ ਨੇ ਲਾਭ ਉਠਾਇਆ





ਮੈਡੀਕਲ ਚੈਕਅੱਪ ਕੈਂਪ ਦਾ ਉਦਘਾਟਨ ਕਰਦੇ ਹੋਏ ਸੰਤ ਦੇਸ ਰਾਜ ਜੀ ਤੇ ਮੁੱਖ ਮਹਿਮਾਨ ਅਨੀਤਾ ਸੋਮ ਪ੍ਰਕਾਸ਼ ਕੈਂਥ ਨੂੰ ਸਨਮਾਨਿਤ ਕਰਦੇ ਹੋਏ ਸੰਤ ਦੇਸ ਰਾਜ ਤੇ ਸਭਾ ਦੇ ਅਹੁਦੇਦਾਰ।

ਫਗਵਾੜਾ (ਬੀ. ਕੇ. ਰੱਤੂ) ਸਰਬ ਨੌਜਵਾਨ ਸਭਾ (ਰਜਿ.) ਫਗਵਾੜਾ ਵਲੋਂ ਪ੍ਰਧਾਨ ਸੁਖਵਿੰਦਰ ਸਿੰਘ ਦੀ ਸੁਚੱਜੀ ਦੇਖ ਰੇਖ ਹੇਠ ਦੀਨ ਦੁਖੀਆਂ ਦੀ ਮੱਦਦ ਕਰਨ ਲਈ ਤਹਿਸੀਲ ਫਗਵਾੜਾ ਦੇ ਵੱਖ ਵੱਖ ਪਿੰਡਾਂ ’ਚ ਲਗਾਏ ਜਾ ਰਹੇ ਫ਼ਰੀ ਮੈਡੀਕਲ ਚੈਕਅੱਪ ਕੈਂਪਾਂ ਦੀ ਲੜੀ ਤਹਿਤ ਡੇਰਾ 108 ਸੰਤ ਬਾਬਾ ਗੋਬਿੰਦ ਦਾਸ ਮੁਹੱਲਾ ਗੋਬਿੰਦਪੁਰਾ ਵਿਖੇ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਲਗਾਇਆ ਗਿਆ। ਜਿਸ ਦਾ ਉਦਘਾਟਨ ਡੇਰੇ ਦੇ ਗੱਦੀ ਨਸ਼ੀਨ ਸੰਤ ਬਾਬਾ ਦੇਸ ਰਾਜ ਜੀ ਨੇ ਆਪਣੇ ਕਰ ਕਮਲਾਂ ਨਾਲ ਕੀਤਾ, ਜਦਕਿ ਮੁੱਖ ਮਹਿਮਾਨ ਵਜੋਂ ਹਲਕਾ ਫਗਵਾੜਾ ਦੇ ਵਿਧਾਇਕ ਤੇ ਮੁੱਖ ਸੰਸਦੀ ਸਕੱਤਰ ਦੀ ਧਰਮ-ਪਤਨੀ ਸ਼੍ਰੀਮਤੀ ਅਨੀਤਾ ਸੋਮ ਪ੍ਰਕਾਸ਼ ਕੈਂਥ ਸ਼ਾਮਲ ਹੋਈ।

ਇਸ ਮੌਕੇ ਸ਼੍ਰੀਮਤੀ ਕੈਂਥ ਨੇ ਆਪਣੇ ਸੰਬੋਧਨ ’ਚ ਕਿਹਾ ਕਿ ਸਾਨੂੰ ਲੋੜਵੰਦਾਂ ਦੀ ਵੱਧ ਤੋਂ ਵੱਧ ਸੇਵਾ ਕਰਨੀ ਚਾਹੀਦੀ ਹੈ ਕਿਉਂਕਿ ਲੋੜਵੰਦ ਤੇ ਦੀਨ ਦੁਖੀਆਂ ਦੀ ਸੇਵਾ ਕੀਤੀ ਕਦੇ ਵਿਆਰਥ ਨਹੀਂ ਜਾਂਦੀ। ਉਨ੍ਹਾਂ ਸਰਬ ਨੌਜਵਾਨ ਸਭਾ ਵਲੋਂ ਲਗਾਤਾਰ ਲਗਾਏ ਜਾ ਰਹੇ ਫ਼੍ਰੀ ਮੈਡੀਕਲ ਕੈਂਪਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ ਅਤੇ ਵਿਸ਼ਵਾਸ਼ ਦੁਆਇਆ ਕਿ ਸਭਾ ਵਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕਾਰਜਾਂ ’ਚ ਸਾਡੇ ਵਲੋਂ ਸੰਪੂਰਨ ਸਹਿਯੋਗ ਦਿੱਤਾ ਜਾਵੇਗਾ।

ਕੈਂਪ ਦੌਰਾਨ ਡਾ. ਤੁਸ਼ਾਰ ਅਗਰਵਾਲ ਅੱਖਾਂ ਦੇ ਮਾਹਿਰ, ਡਾ. ਰਜਿੰਦਰ ਕੁਮਾਰ ਐਮ.ਡੀ. ਮੈਡੀਸਨ (ਸਿਵਲ ਹਸਪਤਾਲ), ਡਾ. ਸਲੋਨੀ ਗੁਪਤਾ ਡੈਂਟਲ ਸਰਜਨ ਆਦਿ ਦੀ ਟੀਮ ਨੇ 300 ਤੋਂ ਵੱਧ ਮਰੀਜ਼ਾਂ ਦਾ ਫ਼ਰੀ ਚੈੱਕਅੱਪ ਕੀਤਾ ਅਤੇ ਸਭਾ ਵਲੋਂ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸੰਤ ਬਾਬਾ ਦੇਸ ਰਾਜ ਜੀ ਨੇ ਆਪਣਾ ਅਸ਼ੀਰਵਾਦ ਦਿੰਦਿਆਂ ਸਭਾ ਦੇ ਅਹੁਦੇਦਾਰਾਂ, ਡਾਕਟਰਾਂ ਦੀ ਟੀਮ ਅਤੇ ਸਮੁੱਚੀ ਸੰਗਤ ਦਾ ਧੰਨਵਾਦ ਕਰਦਿਆਂ ਮਹਿਮਾਨਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ। ਇਸ ਮੌਕੇ ਪ੍ਰਧਾਨ ਸੁਖਵਿੰਦਰ ਸਿੰਘ ਤੇ ਉਪ ਚੇਅਰਮੈਨ ਬਿਕਰਮਜੀਤ ਵਾਲੀਆ ਨੇ ਮੁੱਖ ਮਹਿਮਾਨ ਤੇ ਡਾਕਟਰਾਂ ਦੀ ਟੀਮ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਸ਼ਹਿਰਵਾਸੀਆਂ ਦੇ ਸਹਿਯੋਗ ਨਾਲ ਮੁਫ਼ਤ ਮੈਡੀਕਲ ਚੈਕਅੱਪ ਕੈਂਪ ਲਗਾਉਣ ਦੀ ਲੜੀ ਅਤੇ ਸਮਾਜ ਸੇਵਾ ਦੇ ਕਾਰਜ ਨਿਰੰਤਰ ਜਾਰੀ ਰੱਖੇ ਜਾਣਗੇ।

ਇਸ ਮੌਕੇ ਸੋਢੀ ਸਿੰਘ ਪਟਵਾਰੀ, ਸੁਰਿੰਦਰ ਢੰਡਾ ਪ੍ਰਧਾਨ ਅੰਬੇਡਕਰ ਸੈਨਾ ਪੰਜਾਬ, ਓਮ ਪ੍ਰਕਾਸ਼ ਬਿੱਟੂ ਪੀ.ਏ., ਕੁਸ਼ ਖੋਸਲਾ, ਉਪ ਚੇਅਰਮੈਨ ਬਿਕਰਮਜੀਤ ਵਾਲੀਆ, ਸੁਖਵਿੰਦਰ ਸਿੰਘ, ਸਮਾਜ ਸੇਵਕ ਬਲਵੀਰ ਗੋਸਲ, ਰਮੇਸ਼ ਅਰੋੜਾ, ਰਮੇਸ਼ ਸਰੋਆ, ਡਾ. ਕੁਲਦੀਪ ਸਿੰਘ, ਸੁਧੀਰ ਸ਼ਰਮਾ, ਅਨੂਪ ਦੁੱਗਲ,ਹਰਜੀਤ ਰਾਮਗੜ੍ਹ, ਚਰਨ ਦਾਸ ਜੱਸਲ, ਪ੍ਰਮੋਦ ਜਲੋਟਾ, ਰਜਿੰਦਰ ਸਿੰਘ ਰੂਪਰਾਏ, ਜੁਨੇਸ਼ ਜੈਨ, ਡਾ. ਨਰੇਸ਼, ਸਮਾਜ ਸੇਵਕ ਡਾ. ਰਮਨ ਸ਼ਰਮਾ, ਅਸ਼ੋਕ ਸ਼ਰਮਾ, ਰਾਜ ਕੁਮਾਰ ਕਨੌਜੀਆ, ਰਵਿੰਦਰ ਸਿੰਘ ਰਾਏ, ਸੁਰਿੰਦਰ ਕੁਮਾਰ, ਗੌਰਵ ਭਾਟੀਆ, ਪ੍ਰਮਜੀਤ ਰਾਏ, ਰੇਸ਼ਮ ਗੋਬਿੰਦਪੁਰਾ, ਪਾਲ ਰਾਮ, ਕਰਮਜੀਤ ਸਿੰਘ, ਦਮਨਜੀਤ ਸਿੰਘ, ਸੌਰਭ ਮੱਲਹਣ, ਮਨਜੀਤ ਵਰਮਾ, ਚਰਨਪ੍ਰੀਤ ਸਿੰਘ, ਤੇਸ਼ੀ ਕਮਲ ਆਦਿ ਹਾਜ਼ਰ ਸਨ।

# ਮਾਨਵਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ - ਚਾਨਾ

## ਲਾਇਨਜ ਕਲੱਬ ਸੈਂਟਰਲ ਵਲੋਂ 31 ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਭੇਂਟ




ਫਗਵਾੜਾ (ਬੀ. ਕੇ. ਰੱਤੂ) ਲਾਇਨਜ ਕਲੱਬ ਫਗਵਾੜਾ ਸੈਂਟਰਲ ਵਲੋਂ ਸਵ. ਕੁਲਵੰਤ ਸਿੰਘ ਕਾਂਤਾ ਦੀ ਯਾਦ 'ਚ 14 ਵਾਂ ਮਹੀਨਾਵਾਰ ਰਾਸ਼ਨ ਵੰਡ ਸਮਾਗਮ ਕਲੱਬ ਦੇ ਚਾਰਟਰ ਪ੍ਰਧਾਨ ਰਣਜੀਤ ਸਿੰਘ ਖੁਰਾਣਾ ਯੂਥ ਅਕਾਲੀ ਦਲ , ਪ੍ਰਧਾਨ ਲਾਇਨ ਲਵਨੀਸ਼ ਵਰਮਾ ਦੀ ਪ੍ਰਧਾਨਗੀ ਹੇਠ ਅਤੇ ਪ੍ਰੋਜੈਕਟ ਡਾਇਰੈਕਟਰ ਪ੍ਰਿਤਪਾਲ ਸਿੰਘ ਮੰਗਾ ਦੀ ਦੇਖ ਰੇਖ 'ਚ ਕਰਵਾਇਆ ਗਿਆ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਗੁਰਮੁੱਖ ਸਿੰਘ ਚਾਨਾ ਸੀਨੀਅਰ ਅਕਾਲੀ ਆਗੂ ਨੇ ਸ਼ਾਮਿਲ ਹੋ ਕੇ 31 ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਆਪਣੇ ਕਰ ਕਮਲਾਂ ਨਾਲ ਭੇਂਟ ਕੀਤਾ। ਇਸ ਮੌਕੇ ਆਪਣੇ ਸੰਬੋਧਨ 'ਚ ਗੁਰਮੁੱਖ ਸਿੰਘ ਚਾਨਾ ਨੇ ਕਿਹਾ ਕਿ ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਦਰਮ ਹੈ। ਚਾਨਾ ਨੇ ਕਲੱਬ ਵਲੋਂ ਹਰ ਮਹੀਨੇ ਰਾਸ਼ਨ ਵੰਡਣ ਅਤੇ ਸਮਾਜ ਸੇਵਾ ਦੇ ਕੀਤੇ ਜਾ ਰਹੇ ਕਾਰਜਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ। ਉਨ੍ਹਾਂ ਸਵਰਗਵਾਸੀ ਕੁਲਵੰਤ ਸਿੰਘ ਕਾਂਤਾ ਦੀ ਜੀਵਨੀ ਤੇ ਵੀ ਚਾਨਣਾ ਪਾਇਆ, ਕਲੱਬ ਦੇ ਪ੍ਰਧਾਨ ਲਵਨੀਸ਼ ਵਰਮਾ ਨੇ ਆਏ ਹੋਏ ਮਹਿਮਾਨਾਂ, ਕਲੱਬ ਮੈਂਬਰਾਂ, ਸੀਨੀਅਰ ਸਿਟੀਜਨ ਮੈਂਬਰਾਂ ਤੇ ਲੋੜਵੰਦ ਪਰਿਵਾਰਾਂ ਨੂੰ ਜੀ ਆਇਆਂ ਕਿਹਾ। ਇਸ ਸਮਾਗਮ ਨੂੰ ਦਰਸ਼ਨ ਸਿੰਘ ਡੁਮੇਲੀ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਕਲੱਬ ਵਲੋਂ ਡਾ. ਵਿਵੇਕ ਮਹਾਜਨ ਨੇ ਆਏ ਹੋਏ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਗਿਆਨ ਸਿੰਘ ਭੋਗਲ, ਸੁਭਾਸ਼ ਮਲਹੋਤਰਾ, ਵਾਈ ਐਸ.ਰਾਵਤ, ਅਵਤਾਰ ਸਿੰਘ ਬੱਤਰਾ, ਰਾਮ ਮੂਰਤੀ ਉੱਪਲ, ਲਾਇਨ ਰਾਜੀਵ ਸੂਦ, ਲਾਇਨ ਕਮਲ ਸੇਤੀਆ, ਲਾਇਨ ਗੁਰਬਖਸ਼ ਸਿੰਘ ਪਨੇਸਰ, ਮਨਪ੍ਰੀਤ ਸਿੰਘ ਲਾਡੀ, ਲਾਇਨ ਸੰਜੀਵ ਗਾਬਾ, ਲਾਇਨ ਵਿਸ਼ਾਲ ਜਲੋਟਾ, ਅਜੇ ਕੁਮਾਰ ਤੋਂ ਇਲਾਵਾ ਹੋਰ ਵੀ ਮੈਂਬਰ ਹਾਜ਼ਰ ਸਨ।

## ਕਾਮਰੇਡ ਲਛਮਣ ਸਿੰਘ ਸਰਬ ਸੰਮਤੀ ਨਾਲ ਪੰਚ ਚੁਣੇ ਗਏ

ਫਗਵਾੜਾ (ਬੀ. ਕੇ. ਰੱਤੂ) ਸੀ. ਪੀ. ਐਮ. ਦੇ ਤਹਿਸੀਲ ਫਗਵਾੜਾ ਦੇ ਸੈਕੇਟਰੀ ਕਾਮਰੇਡ ਲਛਮਣ ਸਿੰਘ ਪਿੰਡ ਜਗਤਪੁਰ ਜੱਟਾਂ ਦੇ ਵਾਰਡ ਨੰਬਰ 9 ਤੋਂ ਸਰਬਸੰਮਤੀ ਨਾਲ ਮੈਂਬਰ ਪੰਚਾਇਤ ਚੁਣੇ ਗਏ। ਕਾਮਰੇਡ ਲਛਮਣ ਸਿੰਘ ਪਿੰਡ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਜਿੱਥੇ ਉਹ ਪਿੰਡ ਦੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਅਧਾਰ ਤੇ ਕਰਵਾਉਣਗੇ ਉੱਥੇ ਹੀ ਮਜ਼ਦੂਰਾਂ, ਕਿਸਾਨਾਂ ਤੇ ਦਲਿਤਾਂ ਦੇ ਮਸਲੇ ਵਾ ਪਹਿਲ ਦੇ ਅਧਾਰ ਤੇ ਹਲ ਕਰਵਾਉਣ ਲਈ ਸੰਘਰਸ਼ ਜਾਰੀ ਰੱਖਣਗੇ। ਇਹ ਜਾਣਕਾਰੀ ਕਾਮਰੇਡ ਗਿਆਨ ਸਿੰਘ ਮਲਕਪੁਰ ਨੇ ਦਿੰਦਿਆਂ ਦੱਸਿਆ ਕਿ ਸੀ.ਪੀ.ਐਮ. ਦੇ ਉਮੀਦਵਾਰਾਂ ਨੂੰ ਪੰਚਾਇਤੀ ਚੋਣਾਂ 'ਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਤਹਿਸੀਲ ਫਗਵਾੜਾ ਦੇ ਪਿੰਡਾਂ 'ਚ ਵੱਡੀ ਗਿਣਤੀ 'ਚ ਪਾਰਟੀ ਦੇ ਸਰਪੰਚ ਪੰਚ ਚੁਣੇ ਜਾਣਗੇ।

## ਗਦਰੀ ਬਾਬਿਆਂ ਦੀ ਯਾਦ ਵਿਚ ਦੋ ਰੋਜ਼ਾ ਕਾਨਫਰੰਸ 13 ਜੁਲਾਈ

ਸੈਕਰਾਮੈਂਟੋ (ਬਿਊਰੋ): ਭਾਰਤ ਦੇ ਅਜ਼ਾਦੀ ਸੰਗਰਾਮ ਵਿਚ ਵੱਡੀਆਂ ਕੁਰਬਾਨੀਆਂ ਕਰਨ ਵਾਲੇ ਗਦਰੀ ਬਾਬਿਆਂ ਦੀ ਯਾਦ ਵਿਚ ਬਣੀ ਸੰਸਥਾ ਗਦਰ ਮੈਮੋਰੀਅਲ ਫਾਊਂਡੇਸ਼ਨ, ਸੈਕਰਾਮੈਂਟੋ ਵਲੋਂ ਗਦਰ ਲਹਿਰ ਦੀ ਸੌਵੀਂ ਵਰ੍ਹੇਗੰਢ ਨੂੰ ਸਮਰਪਿਤ ਇਕ ਵਿਸ਼ੇਸ਼ ਕਾਨਫਰੰਸ ਆਉਂਦੀ 13 ਤੇ 14 ਜੁਲਾਈ ਨੂੰ ਕਰਵਾਈ ਜਾ ਰਹੀ ਹੈ। ਇਹ ਜਾਣਕਾਰੀ ਦਿੰਦਿਆਂ ਫਾਊਂਡੇਸ਼ਨ ਦੇ ਪ੍ਰਧਾਨ ਚਰਨ ਸਿੰਘ ਜੱਜ, ਮੀਤ ਪ੍ਰਧਾਨ ਜਥੇਦਾਰ ਬਲਬੀਰ ਸਿੰਘ, ਚੇਅਰਮੈਨ ਕੁਲਦੀਪ ਸਿੰਘ ਅਟਵਾਲ ਅਤੇ ਸਕੱਤਰ ਕੰਵਰ ਕਸ਼ਮੀਰ ਸਿੰਘ ਨੇ ਇਕ ਸਾਂਝੇ ਬਿਆਨ ਵਿਚ ਦੱਸਿਆ ਕਿ ਕਾਨਫਰੰਸ ਦੇ ਪਹਿਲੇ ਹਿੱਸੇ ਵਜੋਂ ਇਕ ਸੈਮੀਨਾਰ ਇਤਿਹਾਸਕ ਗਦਰ ਮੈਮੋਰੀਅਲ ਹਾਲ (5 ਵੁਡ ਸਟਰੀਟ), ਸੈਨ ਫਰਾਂਸਿਸਕੋ ਵਿਚ ਕਰਵਾਇਆ ਜਾਵੇਗਾ ਜਿਸ ਵਿਚ ਭਾਰਤ, ਕੈਨੇਡਾ, ਇੰਗਲੈਂਡ ਅਤੇ ਅਮਰੀਕਾ ਤੋਂ ਵੱਡੀ ਗਿਣਤੀ ਵਿਚ ਵਿਦਵਾਨ ਸ਼ਾਮਲ ਹੋਣਗੇ। ਇਨ੍ਹਾਂ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ, ਮੈਂਬਰ ਪਾਰਲੀਮੈਂਟ ਸੀਤਾ ਰਾਮ ਯੈਚੁਰੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਰਿਟਾਇਰਡ ਪ੍ਰੋਫੈਸਰ ਡਾ. ਹਰੀਸ਼ ਪੁਰੀ, ਭਾਈ ਵੀਰ ਸਿੰਘ ਸਦਨ ਨਵੀਂ ਦਿੱਲੀ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਵਿਦਵਾਨ ਡਾ. ਜਸਵਿੰਦਰ ਸਿੰਘ ਅਤੇ ਡਾ. ਧਨਵੰਤ ਕੌਰ, ਸੁਪ੍ਰਸਿਧ ਵਿਗਿਆਨੀ ਡਾ. ਗੁਰਦੇਵ ਸਿੰਘ ਖੁਸ਼, ਵਰਲਡ ਪੰਜਾਬੀ ਸੈਂਟਰ ਪਟਿਆਲਾ ਦੇ ਡਾਇਰੈਕਟਰ ਡਾ. ਦੀਪਕ ਮਨਮੋਹਨ ਸਿੰਘ, ਯੂਨੀਵਰਸਿਟੀ ਆਫ ਕੈਲੀਫੋਰਨੀਆ ਤੋਂ ਡਾ. ਗੁਰੂਮੇਲ ਸਿੰਘ ਸਿੱਧੂ, ਕੈਨੇਡਾ ਤੋਂ ਗੁਰਮਿੰਦਰ ਸਿੰਘ ਧਾਲੀਵਾਲ ਅਤੇ ਇੰਗਲੈਂਡ ਤੋਂ ਡਾ. ਕੁਲਵੰਤ ਸਿੰਘ ਮੰਡਿਆਲਾ ਤੋਂ ਇਲਾਵਾ ਹੋਰ ਬਹੁਤ ਸਾਰੇ ਵਿਦਵਾਨ ਸ਼ਾਮਲ ਹਨ।

ਡਾ. ਹਰੀਸ ਪੁਰੀ 'ਨਵੇਂ ਸਿਆਸੀ ਸਮਾਜ ਦੀ ਸਿਰਜਣਾ' ਵਿਸ਼ੇ 'ਤੇ ਪਰਚਾ ਪੜ੍ਹਨਗੇ। ਇਸ ਸੈਮੀਨਾਰ ਮੌਕੇ ਗਦਰ ਲਹਿਰ ਬਾਰੇ ਡਾ. ਜੇ ਐਸ ਗਰੇਵਾਲ, ਹਰੀਸ਼ ਕੇ ਪੁਰੀ ਅਤੇ ਇੰਦੂ ਬੰਗਾ ਦੀ ਸੰਪਾਦਨਾ ਹੇਠ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਗਈ ਪੁਸਤਕ 'ਗਦਰ ਮੂਵਮੈਂਟ: ਬੈਕਗਰਾਊਂਡ, ਆਈਡਿਆਲੋਜੀ, ਐਕਸ਼ਨ ਐਂਡ ਲੈਗੇਸੀਜ਼' ਡਾ. ਜਸਪਾਲ ਸਿੰਘ ਰਿਲੀਜ਼ ਕਰਨਗੇ। ਅਮਰੀਕਾ 'ਚ ਭਾਰਤੀ ਰਾਜਦੂਤ ਸ੍ਰੀਮਤੀ ਨਿਰੂਪਮਾ ਰਾਓ ਇਸ ਕਾਨਫਰੰਸ ਵਿਚ ਉਚੇਚੇ ਤੌਰ 'ਤੇ ਪਹੁੰਚਣਗੇ।

ਪੰਜਾਬੀ ਟ੍ਰਿਬਿਊਨ ਦੇ ਚੀਫ ਸਬ ਐਡੀਟਰ ਜਸਵੀਰ ਸਿੰਘ ਸਮਰ ਅਤੇ ਘੱਟ ਗਿਣਤੀ ਕਮਿਸ਼ਨ ਦਿੱਲੀ ਦੇ ਮੈਂਬਰ ਡਾ. ਮਹਿੰ ਦਰ ਸਿੰਘ ਵੀ ਹਾਜ਼ਰੀ ਭਰਨਗੇ। ਕਾਨਫਰੰਸ ਦੇ ਦੂਜੇ ਹਿੱਸੇ ਵਿਚ ਸੈਕਰਾਮੈਂਟੋ ਦੇ ਪਰਫਾਰਮਿੰਗ ਆਰਟ ਸੈਂਟਰ ਵਿਚ 14 ਜੁਲਾ ਈ ਨੂੰ ਗਾਇਕ ਬਲਜੀਤ ਮਾਲਵਾ, ਮੰਨਾ ਢਿੱਲੋਂ, ਸੁਖਵੰਤ ਸੁੱਖੀ, ਅਨੂਪ ਸਿੰਘ ਚੀਮਾ ਅਤੇ ਤਰਲੋਕ ਸਿੰਘ ਪੰਮੀ ਗਦਰੀ ਬਾਬਿਆਂ ਨੂੰ ਸ਼ਰਧਾਂਜਲੀ ਵਜੋਂ ਦੇਸ਼ ਭਗਤੀ ਦੇ ਗੀਤ ਪੇਸ਼ ਕਰਨਗੇ। ਜਥੇਬੰਦੀ ਦੇ ਪ੍ਰਧਾਨ ਸ. ਚਰਨ ਸਿੰਘ ਜੱਜ ਨੇ ਦੱਸਿਆ ਕਿ ਸਾਰੇ ਮੈਂਬਰ ਇਸ ਕਾਨਫਰੰਸ ਨੂੰ ਕਾਮਯਾਬ ਕਰਨ ਲਈ ਇਕ ਜੁੱਟ ਹੋ ਕੇ ਕੰਮ ਕਰ ਰਹੇ ਹਨ ਅਤੇ ਇਸ ਲਈ ਲੋੜੀਂਦੇ ਪੈਸੇ ਦਾ ਵੱਡਾ ਹਿੱਸਾ ਸਹਿਯੋਗੀਆਂ ਦੀ ਮਦਦ ਨਾਲ ਜੁਟਾਇਆ ਜਾ ਚੁੱਕਾ ਹੈ।

## ਹੁਸ਼ਿਆਰਪੁਰ ਪੰਚਾਇਤ ਚੋਣਾ ' ਅਕਾਲੀ, ਕਾਂਗਰਸ ਅਤੇ ਬਸਪਾ ਦੇ ਸਰਪੰਚ ਅਤੇ ਪੰਚਾਇਤ ਮੈਂਬਰ ਜੇਤੂ



( ਬਲਾਕ ਮਾਹਿਲਪੁਰ ਦੇ ਪਿੰਡਾਂ ਦੇ ਨਵ-ਨਿਯੁਕਤ ਸਰਪੰਚ )
ਸੁਖਵਿੰਦਰ ਸਿੰਘ (ਮੁਗੋਵਾਲ) ਮਹਿੰਦਰ ਸਿੰਘ (ਡੰਡੇਵਾਲ) ਜਸਵੀਰ ਸਿੰਘ ਐਮ.ਐਸ.ਸੀ ਮੈਥ (ਬੱਢੋਆਣ) ਕਮਲੇਸ਼ ਕੁਮਾਰੀ (ਟੂਟੋਂ ਮਜ਼ਾਰਾ) ਮਨਜੀਤ ਕੌਰ (ਜੀਵਨਪੁਰ ਜੱਟਾਂ) ਪਿਆਰੇ ਲਾਲ (ਜੰਡਿਆਲਾ)

ਹੁਸ਼ਿਆਰਪੁਰ (ਸ਼ਿਵ ਕੁਮਾਰ ਬਾਵਾ)- ਜ਼ਿਲ੍ਹਾ ਚੋਣਕਾਰ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀ ਵਰੁਣ ਰੂਜ਼ਮ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗਰਾਮ ਪੰਚਾਇਤ ਦੀਆਂ ਆਮ ਚੋਣਾਂ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦੀਆਂ 1372 ਪੰਚਾਇਤਾਂ ਦੀਆਂ ਸਰਪੰਚਾਂ ਦੀ ਚੋਣ ਲਈ ਚੋਣ ਲੜ ਰਹੇ 3137 ਉਮੀਦਵਾਰਾਂ ਵਿੱਚੋਂ 203 ਸਰਪੰਚ ਬਿਨਾਂ ਮੁਕਾਬਲਾ ਜੇਤੂ ਰਹੇ ਹਨ ਅਤੇ 1167 ਸਰਪੰਚ ਵੋਟਾਂ ਦੀ ਗਿਣਤੀ ਉਪਰੰਤ ਜੇਤੂ ਰਹੇ ਹਨ। ਇਸੇ ਤਰ੍ਹਾਂ ਪੰਚਾਂ ਦੀ ਚੋਣਾਂ ਲਈ 1372 ਪਿੰਡਾਂ ਦੇ 7848 ਵਾਰਡਾਂ ਲਈ ਚੋਣ ਲੜੇ ਰਹੇ 9037 ਉਮੀਦਵਾਰਾਂ ਵਿੱਚੋਂ 3663 ਉਮੀਦਵਾਰ ਬਿਨਾਂ ਮੁਕਾਬਲਾ ਜੇਤੂ ਰਹੇ ਹਨ ਅਤੇ 4200 ਪੰਚ ਵੋਟਾਂ ਦੀ ਗਿਣਤੀ ਉਪਰੰਤ ਜੇਤੂ ਕਰਾਰ ਦਿੱਤੇ ਗਏ ਹਨ ਅਤੇ 3 ਪੰਚਾਂ ਦੀ ਚੋਣ ਲਈ ਵੋਟਾਂ ਦੁਬਾਰਾ ਪਾਈਆਂ ਜਾ ਰਹੀਆਂ ਹਨ।

ਉਨ੍ਹਾਂ ਹੋਰ ਦੱਸਿਆ ਕਿ ਹੁਸ਼ਿਆਰਪੁਰ ਬਲਾਕ-1 ਦੀਆਂ 186 ਗਰਾਮ ਪੰਚਾਇਤਾਂ ਲਈ ਸਰਪੰਚਾਂ ਦੀ ਚੋਣ ਲੜ ਰਹੇ 383 ਉਮੀਦਵਾਰਾਂ ਵਿੱਚੋਂ 35 ਬਿਨਾਂ ਮੁਕਾਬਲਾ ਅਤੇ 151 ਚੋਣ ਰਾਹੀਂ ਜੇਤੂ ਕਰਾਰ ਦਿੱਤੇ ਗਏ ਹਨ। ਇਸੇ ਤਰ੍ਹਾਂ ਹੁਸ਼ਿਆਰਪੁਰ ਬਲਾਕ-2 ਦੀਆਂ 118 ਪੰਚਾਇਤਾਂ ਲਈ ਚੋਣ ਲੜ ਰਹੇ 310 ਉਮੀਦਵਾਰਾਂ ਵਿੱਚੋਂ 13 ਬਿਨਾਂ ਮੁਕਾਬਲਾ ਅਤੇ 105 ਚੋਣਾਂ ਰਾਹੀਂ ਜੇਤੂ, ਬਲਾਕ ਭੂੰਗਾਂ ਦੀਆਂ 179 ਪੰਚਾਇਤਾਂ ਲਈ ਸਰਪੰਚਾਂ ਦੀ ਚੋਣ ਲੜ ਰਹੇ 432 ਉਮੀਦਵਾਰਾਂ ਵਿੱਚੋਂ 28 ਬਿਨਾਂ ਮੁਕਾਬਲਾ ਅਤੇ 151 ਵੋਟਾਂ ਰਾਹੀਂ ਜੇਤੂ, ਬਲਾਕ ਟਾਂਡਾ ਦੀਆਂ 118 ਪੰਚਾਇਤਾਂ ਲਈ 225 ਉਮੀਦਵਾਰਾਂ ਵਿੱਚੋਂ 24 ਬਿਨਾਂ ਮੁਕਾਬਲਾ ਅਤੇ 94 ਵੋਟਾਂ ਰਾਹੀਂ, ਦਸੂਹਾ ਬਲਾਕ ਦੀਆਂ 148 ਪੰਚਾਇਤਾਂ ਲਈ 339 ਉਮੀਦਵਾਰਾਂ ਵਿੱਚੋਂ 15 ਬਿਨਾਂ ਮੁਕਾਬਲਾ ਅਤੇ 132 ਵੋਟਾਂ ਰਾਹੀਂ, ਹਾਜੀਪੁਰ ਬਲਾਕ ਦੀਆਂ 96 ਪੰਚਾਇਤਾਂ ਲਈ 253 ਉਮੀਦਵਾਰਾਂ ਵਿਚ 10 ਬਿਨਾਂ ਮੁਕਾਬਲਾ ਅਤੇ 85 ਵੋਟਾਂ ਰਾਹੀਂ, ਮੁਕੇਰੀਆਂ ਬਲਾਕ ਦੀਆਂ 138 ਪੰਚਾਇਤਾਂ ਲਈ 282 ਉਮੀਦਵਾਰਾਂ ਵਿੱਚੋਂ 16 ਬਿਨਾਂ ਮੁਕਾਬਲਾ ਅਤੇ 122 ਵੋਟਾਂ ਰਾਹੀਂ, ਤਲਵਾੜਾ ਬਲਾਕ ਦੀਆਂ 97 ਪੰਚ-ਾਇਤਾਂ ਲਈ 309 ਉਮੀਦਵਾਰਾਂ ਵਿੱਚੋਂ 4 ਬਿਨਾਂ ਮੁਕਾਬਲਾ ਅਤੇ 93 ਵੋਟਾਂ ਰਾਹੀਂ, ਮਾਹਿਲਪੁਰ ਬਲਾਕ ਦੀਆਂ 150 ਪੰਚਾਇਤਾਂ ਲਈ 312 ਉਮੀਦਵਾਰਾਂ ਵਿੱਚੋਂ 30 ਬਿਨਾਂ ਮੁਕਾਬਲਾ ਅਤੇ 120 ਵੋਟਾਂ ਰਾਹੀਂ ਅਤੇ ਗੜ੍ਹਸ਼ੰਕਰ ਬਲਾਕ ਦੀਆਂ 142 ਪੰਚਾਇਤਾਂ ਲਈ 292 ਉਮੀਦਵਾਰਾਂ ਵਿੱਚੋਂ 28 ਬਿਨਾਂ ਮੁਕਾਬਲਾ ਅਤੇ 114 ਵੋਟਾਂ ਰਾਹੀਂ ਸਰਪੰਚ ਜੇਤੂ ਕਰਾਰ ਦਿੱਤੇ ਗਏ ਹਨ। ਜਿਲ੍ਹਾ ਚੋਣਕਾਰ ਅਫ਼ਸਰ ਨੇ ਹੋਰ ਦੱਸਿਆ ਕਿ ਪੰਚਾਂ ਦੀਆਂ ਚੋਣਾਂ ਲਈ ਹੁਸ਼ਿਆਰਪੁਰ ਬਲਾਕ-1 ਦੇ 1040 ਵਾਰਡਾਂ ਲਈ ਪੰਚਾਂ ਦੀ ਚੋਣ ਲੜ ਰਹੇ 1091 ਉਮੀਦਵਾਰਾਂ ਵਿੱਚੋਂ 523 ਬਿਨਾਂ ਮੁਕਾਬਲਾ ਅਤੇ 508 ਵੋਟਾਂ ਰਾਹੀਂ ਚੁਣੇ ਗਏ ਹਨ। ਹੁਸ਼ਿਆਰਪੁਰ ਬਲਾਕ-2 ਦੇ 750 ਵਾਰਡਾਂ ਲਈ ਪੰਚਾਂ ਦੀ ਚੋਣ ਲੜ ਰਹੇ 996 ਉਮੀਦਵਾਰਾਂ ਵਿੱਚੋਂ 283 ਬਿਨਾਂ ਮੁਕਾਬਲਾ ਅਤੇ 459 ਵੋਟਾਂ ਰਾਹੀਂ, ਬਲਾਕ ਭੂੰਗਾ ਦੇ 971 ਵਾਰਡਾਂ ਲਈ ਚੋਣ ਲੜ ਰਹੇ 957 ਉਮੀਦਵਾਰਾਂ ਵਿੱਚੋਂ 492 ਬਿਨਾਂ ਮੁਕਾਬਲਾ ਅਤੇ 461 ਵੋਟਾਂ ਰਾਹੀਂ, ਟਾਂਡਾ ਬਲਾਕ ਦੇ 700 ਵਾਰਡਾਂ ਲਈ ਚੋਣ ਲੜ ਰਹੇ 838 ਉਮੀਦਵਾਰਾਂ ਵਿੱਚੋਂ 291 ਬਿਨਾਂ ਮੁਕਾਬਲਾ ਅਤੇ 397 ਵੋਟਾਂ ਰਾਹੀਂ, ਦਸੂਹਾ ਬਲਾਕ ਦੇ 812 ਵਾਰਡਾਂ ਵਿੱਚ ਚੋਣ ਲੜ ਰਹੇ 924 ਉਮੀਦਵਾਰਾਂ ਵਿੱਚੋਂ 361 ਬਿਨਾਂ ਮੁਕਾਬਲਾ ਅਤੇ 542 ਵੋਟਾਂ ਰਾਹੀਂ, ਹਾਜੀਪੁਰ ਬਲਾਕ ਦੇ 532 ਵਾਰਡਾਂ ਲਈ ਚੋਣ ਲੜ ਰਹੇ 943 ਉਮੀਦਵਾਰਾਂ ਵਿੱਚੋਂ 267 ਬਿਨਾਂ ਮੁਕਾਬਲਾ ਅਤੇ 253 ਵੋਟਾਂ ਰਾਹੀਂ, ਬਲਾਕ ਮੁਕੇਰੀਆਂ ਦੇ 768 ਵਾਰਡਾਂ ਲਈ ਚੋਣ ਲੜ ਰਹੇ 833 ਉਮੀਦਵਾਰਾਂ ਵਿੱਚੋਂ 357 ਬਿਨਾਂ ਮੁਕਾਬਲਾ ਅਤੇ 409 ਵੋਟਾਂ ਰਾਹੀਂ, ਤਲਵਾੜਾ ਬਲਾਕ ਦੇ 529 ਵਾਰਡਾਂ ਲਈ ਚੋਣ ਲੜ ਰਹੇ 618 ਉਮੀਦਵਾਰਾਂ ਵਿੱਚੋਂ 238 ਬਿਨਾਂ ਮੁਕਾਬਲਾ ਅਤੇ 288 ਵੋਟਾਂ ਰਾਹੀਂ, ਮਾਹਿਲਪੁਰ ਬਲਾਕ ਦੇ 876 ਵਾਰਡਾਂ ਲਈ ਚੋਣ ਲੜ ਰਹੇ 1010 ਉਮੀਦਵਾਰਾਂ ਵਿੱਚੋਂ 385 ਬਿਨਾਂ ਮੁਕਾਬਲਾ ਅਤੇ 488 ਵੋਟਾਂ ਰਾਹੀਂ ਅਤੇ ਗੜ੍ਹਸ਼ੰਕਰ ਬਲਾਕ ਦੇ 870 ਵਾਰਡਾਂ ਲਈ ਚੋਣ ਲੜ ਰਹੇ 827 ਉਮੀਦਵਾਰਾਂ ਵਿੱਚੋਂ 466 ਬਿਨਾਂ ਮੁਕਾਬਲਾ ਅਤੇ 395 ਵੋਟਾਂ ਰਾਹੀਂ ਪੰਚ ਜੇਤੂ ਕਰਾਰ ਦਿੱਤੇ ਗਏ ਹਨ।

## ਹਾਰ ਨਾ ਝੱਲਦੇ ਹੋਏ ਜੇਤੂ ਦੇ ਤੂੜੇ ਦੇ ਕੁੱਪ ਨੂੰ ਅੱਗ ਲਾਈ



ਮਾਹਿਲਪੁਰ (ਸ਼ਿਵ ਕੁਮਾਰ ਬਾਵਾ)- ਬਲਾਕ ਮਾਹਿਲਪੁਰ ਦੇ ਪਿੰਡ ਨੰਗਲ ਖੁਰਦ ਵਿਖੇ ਬੀਤੀ ਰਾਤ ਇੱਕ ਹਾਰੇ ਹੋਏ ਪੰਚ ਨੇ ਆਪਣੀ ਹਾਰ ਨਾ ਝੱਲਦੇ ਹੋਏ ਜੇਤੂ ਉਮੀਦਵਾਰ ਦੇ ਤੂੜੀ ਦੇ ਕੁੱਪ ਨੂੰ ਹੀ ਅੱਗ ਲਗਾ ਦਿੱਤੀ। ਥਾਣਾ ਮਾਹਿਲਪੁਰ ਦੀ ਪੁਲੀਸ ਨੇ ਮਿਲੀ ਸ਼ਿਕਾਇਤ ਦੇ ਆਧਾਰ ਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਰਵੀ ਪੁੱਤਰ ਜਗਦੀਸ਼ ਰਾਏ ਵਾਸੀ ਨੰਗਲ ਖੁਰਦ ਨੇ ਤਰਸੇਮ ਲਾਲ, ਜੁਝਾਰ ਸਿੰਘ, ਜੋਗਾ ਸਿੰਘ, ਬਲਵੰਤ ਸਿੰਘ, ਅਸ਼ੋਕ ਕੁਮਾਰ ਦੀ ਹਾਜ਼ਰੀ ਵਿਚ ਥਾਣਾ ਮਾਹਿਲਪੁਰ ਦੀ ਪੁਲੀਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਉਸ ਨੇ ਆਪਣੇ ਵਾਰਡ ਦੇ ਵਿਰੋਧੀ ਉਮੀਦਵਾਰ ਉਂਕਾਰ ਸਿੰਘ ਪੁੱਤਰ ਰਾਮ ਲੋਕ ਨੂੰ 11 ਦੇ ਮੁਕਾਬਲੇ 59 ਵੋਟਾਂ ਦੇ ਫਰਕ ਨਾਲ ਹਰਾ ਦਿੱਤਾ। ਉਸ ਨੇ ਦੱਸਿਆ ਕਿ ਉਹ ਆਪਣੇ ਘਰ ਜਿੱਤ ਦੀ ਖੁਸ਼ੀ ਮਨਾ ਰਹੇ ਸਨ ਕਿ ਆਪਣੀ ਹਾਰ ਤੋਂ ਭਰੇ ਪੀਤੇ ਉਕਾਂਰ ਸਿੰਘ ਨੇ ਮਿੱਟੀ ਦਾ ਤੇਲ ਪਾ ਕੇ ਉਸ ਦੇ ਘਰ ਦੇ ਨਜ਼ਦੀਕ ਪਸ਼ੂਆਂ ਦੇ ਵਾੜੇ ਵਿਚ ਬਣੇ ਤੂੜੀ ਦੇ ਕੁੱਪ ਨੂੰ ਅੱਗ ਅਗਾ ਕੇ ਪੰਦਰਾਂ ਕੁਇੰਟਲ ਤੂੜੀ ਸਾੜ ਦਿੱਤੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਅੱਗ ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਪਰੰਤੂ ਕਾਮਯਾਬ ਨਾ ਹੋ ਸਕੇ।

## ਪਿੰਡ ਕਹਾਰਪੁਰ ਤੋਂ ਸੁਖਵਿੰਦਰ ਕੌਰ ਬੈਂਸ ਅਤੇ ਸੈਲਾਖੁਰਦ ਤੋਂ ਸੁਰਿੰਦਰ ਕੌਰ ਸਰਪੰਚ ਬਣੀ



ਮਾਹਿਲਪੁਰ (ਸ਼ਿਵ ਕੁਮਾਰ ਬਾਵਾ) - ਪੰਚਾਇਤ ਦੀਆਂ ਹੋਈਆਂ ਚੋਣਾਂ ਵਿਚ ਬਲਾਕ ਮਾਹਿਲਪੁਰ ਦੇ ਪਿੰਡ ਕਹਾਰਪੁਰ ਤੋਂ ਬੀਬੀ ਸੁਖਵਿੰਦਰ ਕੌਰ ਪਿੰਡ ਦੇ ਸਰਪੰਚ ਬਣ ਗਏ। ਬੀਬੀ ਸੁਖਵਿੰਦਰ ਕੌਰ ਦੇ ਨਾਲ ਨਰਿੰਦਰ ਕੌਰ, ਬਿਮਲਾ ਦੇਵੀ, ਸੁਖਵਿੰਦਰ ਕੁਮਾਰ ਭੂਸ਼ਨ ਕੁਮਾਰ ਅਤੇ ਜੀਵਨ ਕੁਮਾਰ ਪੰਚਾਇਤ ਮੈਂਬਰ ਵੀ ਚੁਣੇ ਗਏ। ਬੀਬੀ ਸੁਖਵਿੰਦਰ ਕੌਰ ਨੇ ਆਪਣੇ ਵਿਰੋਧੀ ਉਮੀਦਵਾਰ ਗਿਆਨ ਚੰਦ ਨੂੰ 234 ਦੇ ਮੁਕਾਬਲੇ 250 ਵੋਟਾਂ ਦੇ ਫ਼ਰਕ ਨਾਲ ਹਰਾਇਆ। ਬੀਬੀ ਸੁਖਵਿੰਦਰ ਕੌਰ ਬੈਂਸ ਨੇ ਕਿਹਾ ਕਿ ਉਹ ਪਿੰਡ ਦੇ ਵਿਕਾਸ ਲਈ ਹਰ ਸੰਭਵ ਕੋਸ਼ਿਸ਼ ਕਰਨਗੇ। ਉਨ੍ਹਾਂ ਡੇਰਾ ਸੰਤ ਹਰੀ ਸਿੰਘ ਕਹਾਰਪੁਰੀ ਦੇ ਸੰਚਾਲਕ ਸੰਤ ਸਾਧੂ ਸਿੰਘ ਕਹਾਰਪੁਰੀ ਤੋਂ ਅਸ਼ੀਰਵਾਦ ਵੀ ਲਿਆ। ਇਸ ਮੌਕੇ ਗੁਰਨਾਮ ਸਿੰਘ ਬੈਂਸ, ਗੁਰਮੀਤ ਸਿੰਘ ਮੀਤਾ, ਹਰਨੰਦਨ ਸਿੰਘ ਖਾਬੜਾ, ਜੁਗਿੰਦਰ ਸਿੰਘ, ਮਲਕੀਤ ਸਿੰਘ ਖਾਬੜਾ, ਖੁਸ਼ਹਾਲ ਸਿੰਘ, ਕਮਲਜੀਤ ਸਿੰਘ, ਕੁਲਦੀਪ ਸਿੰਘ, ਪਰਮਜੀਤ ਕੌਰ, ਪਰਮਿੰਦਰ ਕੌਰ, ਮੇਜਰ ਸਿੰਘ, ਮਾਸਟਰ ਕਿਸ਼ਨ ਸਿੰਘ, ਚਰਨਜੀਤ ਸਿੰਘ, ਸਰਬਜੀਤ ਸਿੰਘ, ਗੁਰਮੀਤ ਸਿੰਘ, ਗੁਰਬਖਸ਼ ਕੌਰ ਵੀ ਹਾਜ਼ਰ ਸਨ। ਇਸ ਤੋਂ ਇਲਾਵਾ ਬੱਬਰਾਂ ਦੀ ਰਾਜਧਾਨੀ ਕਰਕੇ ਜਾਣਿਆਂ ਜਾਂਦੇ ਪਿੰਡ ਜੱਸੋਵਾਲ ਤੋਂ ਬੀਬੀ ਗੁਰਮੀਤ ਕੌਰ ਵਲੋਂ ਆਪਣੇ ਵਿਰੋਧੀ ਉਮੀਦਵਾਰ ਨੂੰ 93 ਵੋਟਾਂ ਦੇ ਫਰਕ ਨਾਲ ਹਰਾਇਆ। ਉਘੇ ਸੰਗੀਤਕਾਰ ਅਤੇ ਗੀਤਕਾਰ ਐਸ ਡੀ ਕ੍ਰਿਸ਼ਨਾ ਰਾਓ ਆਪਣੇ ਪਿੰਡ ਕੈਂਡੋਵਾਲ ਦੀ ਸਰਪੰਚੀ ਦੀ ਚੋਣ ਆਪਣੇ ਵਿਰੋਧੀ ਰਣਜੀਤ ਸਿੰਘ ਉਰਫ ਰਾਜਾ ਤੋਂ ਮਹਿਜ 2 ਵੋਟਾਂ ਦੇ ਫਰਕ ਨਾਲ ਹਾਰ ਗਏ। ਪਰਵਾਸੀ ਭਾਰਤੀਆਂ ਦੇ ਪਿੰਡ ਘੁਮਿਆਲਾ ਤੋਂ ਸੁੱਚਾ ਸਿੰਘ, ਪਿੰਡ ਵਾਹਿਦਪੁਰ ਤੋਂ ਬੀਬੀ ਜਸਵਿੰਦਰ ਕੌਰ, ਮੋਲਾ ਤੋਂ ਨੰਬਰਦਾਰ ਕਾਲਾ ਅਤੇ ਸੈਲਾਖੁਰਦ ਤੋਂ ਬਸਪਾ ਦੇ ਉਘੇ ਆਗੂ ਮਦਨ ਲਾਲ ਨਿੱਘਾ ਦੀ ਪਤਨੀ ਸੁਰਿੰਦਰ ਕੌਰ 385, ਪਿੰਡ ਕਿੱਤਣਾਂ ਤੋਂ ਰਣਵੀਰ ਸਿੰਘ ਉਰਫ ਬਿੱਲਾ, ਪਿੰਡ ਅਲਾਵਲਪੁਰ ਤੋਂ ਸਰਬਜੀਤ ਸਿੰਘ ਉਰਫ ਬੌਬੀ ,ਲਕਸੀਹਾਂ ਤੋਂ ਪਰਮਜੀਤ ਸਿੰਘ ਅਤੇ ਠੁਆਣਾਂ ਤੋਂ ਮੁਹਿੰਦਰਪਾਲ ਸਿੰਘ ਵਲੋਂ ਵੋਟਾਂ ਦੇ ਵੱਡੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ। ਮਾਹਿਲਪੁਰ ਬਲਾਕ ਦੇ 876 ਵਾਰਡਾਂ ਲਈ ਚੋਣ ਲੜ ਰਹੇ 1010 ਉਮੀਦਵਾਰਾਂ ਵਿੱਚੋਂ 385 ਬਿਨਾਂ ਮੁਕਾਬਲਾ ਅਤੇ 488 ਵੋਟਾਂ ਰਾਹੀਂ ਪੰਚ ਜੇਤੂ ਕਰਾਰ ਦਿੱਤੇ ਗਏ ਹਨ।

# ਪੀ-ਸੀ-ਐੱਸ ਸੈਕਰਾਮੈਂਟੋ ਵਲੋਂ ਤੀਆਂ ਦਾ ਮੇਲਾ 11 ਅਗਸਤ ਦਿਨ ਐਤਵਾਰ ਨੂੰ

ਸੈਕਰਾਮੈਂਟੋ (ਬਿਊਰੋ) ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵਲੋਂ ਆਉਣ ਵਾਲਾ ਤੀਆਂ ਦਾ ਮੇਲਾ ਜੋ ਗਿਆਰਾਂ ਅਗਸਤ 2013 ਨੂੰ ਐਲਕਗਰੋਵ ਵਿਖੇ ਐੱਸ ਈ ਐੱਸ ਹਾਲ ਵਿਚ ਮਨਾਇਆ ਜਾ ਰਿਹਾ ਹੈ ਦੀ ਤਿਆਰੀਆਂ ਸਬੰਧੀ, ਪ੍ਰਬੰਧਕ ਕਮੇਟੀ ਦੀਆਂ ਬੀਬੀਆਂ ਵਲੋਂ ਇਕ ਅਹਿਮ ਮੀਟਿੰਗ ਐਲਕ ਗਰੋਵ ਪਾਰਕ ਵਿਚ 22 ਜੂਨ, ਦਿਨ (ਸ਼ਨੀਚਰਵਾਰ) ਨੂੰ ਬੁਲਾਈ ਗਈ। ਇਸ ਵਿਚ ਆਉਣ ਵਾਲੇ ਮੇਲੇ ਦੇ ਪ੍ਰਬੰਧਾਂ ਦਾ ਜਇਜ਼ਾ ਲੈਣ ਦੇ ਨਾਲ ਨਾਲ, ਹਾਜ਼ਰ ਬੀਬੀਆਂ ਨੇ ਇਸ ਨੂੰ ਹੋਰ ਖੂਬਸੂਰਤ ਬਣਾਉਣ ਲਈ ਆਪੋ ਆਪਣੇ ਵਿਚਾਰ ਸਾਂਝੇ ਕੀਤੇ। ਯਾਦ ਰਹੇ ਇਹ ਸੰਸਥਾ ਪਿਛਲੇ 24 ਸਾਲਾਂ ਤੋਂ ਨਰੋਈਆਂ ਕਦਰਾਂ ਕੀਮਤਾਂ ਵਾਲੇ ਪੰਜਾਬੀ ਸਭਿਆਚਾਰ ਨੂੰ ਸੰਭਾਲਣ ਹਿਤ ਆਪਣਾ ਪੂਰਾ ਯੋਗਦਾਨ ਪਾ ਰਹੀ ਹੈ। ਇਸ ਦਾ ਮੁਖ ਨਿਸ਼ਾਨਾ ਹਮੇਸ਼ਾ ਇਹੋ ਰਿਹਾ ਹੈ ਕਿ ਅੱਜ ਦੇ ਵਿਸ਼ਵੀਕਰਣ ਦੇ ਯੁਗ ਅੰਦਰ ਬਹੁ-ਸਭਿਆਚਾਰ ਦੇ ਝੁੰਗਲਮਾਟੇ ਵਿਚ ਵੀ ਪੰਜਾਬੀ ਸਭਿਆਚਾਰ ਆਪਣੀ ਖੂਬਸੂਰਤ ਆਭ੍ਹਾ ਨੂੰ ਹਮੇਸ਼ਾ ਚੜ੍ਹਦੇ ਦਿਨ ਵਰਗੀ ਰੱਖੇ। ਤੀਆਂ ਦਾ ਇਹ ਤਿਉਹਾਰ ਕੁੜੀਆਂ ਚਿੜੀਆਂ ਦਾ ਤਿਉਹਾਰ ਹੈ। ਨਵੀਆਂ ਵਿਆਹੀਆਂ ਲਈ ਤਾਂ ਇਹ ਤਿਉਹਾਰ ਹਮੇਸ਼ਾ ਸਧਰਾਂ ਤੇ ਉਮੰਗਾਂ ਭਰਿਆ ਰਹੇਗਾ। ਸਾਉਣ ਮਹੀਨੇ ਕੁੜੀਆਂ ਪੇਕੇ ਆਉਦੀਆਂ ਹੱਨ ਅਤੇ ਦਿਨ ਰਾਤ ਵੀਰਾਂ ਦੀਆਂ ਦੀਆਂ ਸੁਖਾਂ ਦੇ ਗੀਤ ਗਾਉਂਦੀਆਂ ਨਹੀਂ ਥਕਦੀਆਂ। ਇਸ ਮੀਟਿੰਗ ਵਿਚ ਆਈਆਂ ਬੀਬੀਆਂ ਦੇ ਚਿਹਰਿਆਂ ਤੋਂ ਵੀ ਇਸ ਹੁਲਾਸ ਦੇ ਰੰਗ ਪੜ੍ਹੇ ਜਾ ਸਕਦੇ ਸਨ। ਪ੍ਰਬੰਧਕ ਬੀਬੀਆਂ ਨੇ ਦਸਿਆ ਕਿ ਇਸ ਵਾਰ ਵੀ ਪੰਜਾਬੀ ਮਹੌਲ ਦੀ ਦਿਖ ਨੂੰ ਪੂਰੀ ਤਰ੍ਹਾਂ ਕਾਇਮ ਰਖਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ ਮੇਲੇ ਦਾ ਆਰੰਭ ਮੁਟਿਆਰਾਂ ਵਲੋਂ ਖੁਸ਼ੀ ਦੇ ਗੀਤ ਗਾਏ ਜਾਣ ਨਾਲ ਹੋਵੇਗਾ,ਉਸ ਤੋਂ ਬਾਅਦ ਸਟੇਟ ਆਇਟਮਾਂ ਲਾਈਵ ਬੋਲੀਆਂ ਅਤੇ ਡੀ ਜੇ ਡਾਂਸ ਹੋਵੇਗਾ, ਤਾਂ ਕਿ ਦਰਸ਼ਕ ਇਸ ਦਾ ਪੂਰਾ ਆਨੰਦ ਮਾਣ ਸਕਣ। ਅੰਤ ਵਿਚ ਬੀਬੀ ਮਨਦੀਪ ਕੌਰ ਫਰਵਾਲਾ ਨੇ ਮੀਟਿੰਗ ਵਿਚ ਮੌਜੂਦ ਬੀਬੀਆਂ ਦਾ ਧੰਨਵਾਦ ਕੀਤਾ। ਇਸ ਸਾਰੇ ਸਮੇਂ ਦੌਰਾਨ ਉਹਨਾਂ ਨਾਲ ਆਏ ਬੱਚੇ ਐਲਕਗਰੋਵ ਪਾਰਕ ਦਾ ਪੂਰਾ ਆਨੰਦ ਮਾਣਦੇ ਰਹੇ।

ਇਸ ਵਾਰ ਵੀ ਇਹ ਮੇਲਾ ਪਹਿਲਾਂ ਵਾਲੇ ਸਥਾਨ ਐੱਸ ਈ ਐੱਸ ਹਾਲ, 10427 ਈਸਟ ਸਟਾਕਟਨ ਬੁਲੇਵਰਡ ਐਲਕ ਗਰੋਵ ,ਸੀ ਏ 95624 ਤੇ 11 ਅਗਸਤ (ਦਿਨ ਐਤਵਾਰ) 2013 ਨੂੰ ਦਿਨੇ ਇਕ ਵਜੇ ਸ਼ੁਰੂ ਹੋਵੇਗਾ। ਖਾਣ ਪੀਣ ਦੇ ਪ੍ਰਬੰਧ ਤੋਂ ਇਲਾਵਾ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ। ਹਰ ਉਮਰ ਦੀ ਔਰਤ ਲਈ ਐਂਟਰੀ ਖੁਲ੍ਹੀ ਹੈ। ਇਸ ਮੀਟਿੰਗ ਵਿਚ ਜਿਨ੍ਹਾਂ ਭੈਣਾਂ ਨੇ ਹਾਜ਼ਰੀ ਲਵਾਈ ਉਹਨਾਂ ਵਿਚ- ਪ੍ਰਦੀਪ ਪੂਨੀ, ਰਾਜਵਿੰਦਰ ਪੂਨੀ, ਰੁਪਿੰਦਰ ਕੌਰ, ਮਨਜੀਤ ਕੌਰ, ਮਨਦੀਪ ਕੌਰ, ਰਾਜਵਿੰਦਰ ਕੌਰ, ਸਿਮਰਜੀਤ ਧਾਲੀਵਾਲ, ਰਾਣੀ ਸਰਹਦੀ, ਅਮਨਦੀਪ ਕੈਲੇ, ਭਵਨਦੀਪ ਗਿਲ, ਰਾਜਵਿੰਦਰ ਕੌਰ, ਬਲਵਿੰਦਰ ਕੌਰ, ਅਮਨਪ੍ਰੀਤ ਸੰਧੂ, ਬਲਦੇਵ ਕੌਰ, ਦਲਜੀਤ ਗਿਲ, ਬਲਵੀਰ ਕੌਰ ਪੂਨੀ, ਲਵਦੀਪ ਪਾਬਲਾ ,ਇੰਦਰਜੀਤ ਚੀਮਾ, ਰਮਨ ਕੌਰ, ਰਛਪਾਲ ਕੌਰ, ਦਵਿੰਦਰ ਕੌਰ, ਮਨਜੀਤ ਗਰੇਵਾਲ, ਹਰਿਦਰ ਕੌਰ, ਪਰਮਜੀਤ ਕੌਰ, ਕਮਲਪ੍ਰੀਤ ਕੌਰ, ਇੰਦਰਪਾਲ ਕੌਰ, ਕੁਲਵੰਤ ਕੌਰ, ਇੰਦਰਜੀਤ ਕਾਹਲੋਂ ਅਤੇ ਗੁਰਬਖਸ਼ ਕੌਰ ਮੁੱਖ ਤੌਰ ਤੇ ਸ਼ਾਮਲ ਸਨ।

ਹੋਰ ਜਾਣਕਾਰੀ ਲਈ ਮਨਦੀਪ ਕੌਰ ਫਰਵਾਲਾ: (916-212-1826), ਰਛਪਾਲ ਪਰਹਾਰ (916-730-7191) ਅਤੇ ਬਲਦੇਵ ਕੌਰ ਨਾਲ (916-996-2010) ਤੇ ਸੰਪਰਕ ਕੀਤਾ ਜਾ ਸਕਦਾ ਹੈ ।




Prop: Jasbir Singh Takhar
510-755-2132

AAA AUTO & BODY WORKS INC.

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Transmission, Body and Paint Work We Sell Used Cars at a Good Price

Free Eximates Free Towing

510- 733- 2222




1421 Industrial PKWY West#F Hayward, CA 94544

WE ARE SPECIALIST IN CATERING & SPECIAL ITEMS ARE AVAILABLE HERE :

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.

BUFFET LUNCH 11:00 AM TO 3:00 PM.

WE ARE OPEN SEVEN DAYS 11AM TO 10PM

TANDOOR
Indian Restaurant

27167 Mission Blvd. Hayward, CA 95544






ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

Contact Us:
Ph. 510-885-1212,
Fax 510-885-1532



SURINDER KOKA
www.haywardtandoor.com

# ਗੁਰੂ ਰਵਿਦਾਸ ਜੀ ਦਾ ਬੇਗ਼ਮਪੁਰਾ



ਗੁਰਦੀਪ ਸਿੰਘ ਹੀਰਾ
(530) 216 3547

ਐ ਰੱਬੀ ਰਵਿਦਾਸ ਪਿਆਰੇ।
ਕਲਸੀ ਮਾਂ ਦੀ ਅੱਖ ਦੇ ਤਾਰੇ
ਰਹਿੰਦੇ ਨੇ ਤੂੰ ਜੱਗ ਦੇ ਅੰਦਰ
ਮਜ਼ਲੂਮਾਂ ਲਈ ਕਸ਼ਟ ਸਹਾਰੇ।
ਤੂੰ ਆਇਓਂ ਜਦ ਜੱਗ ਦੇ ਅੰਦਰ
ਬੰਦੇ ਦਾ ਬੰਦਾ ਸੀ ਵੈਰੀ
ਰਾਜ ਕਰੇਂਦੀ ਮਨੂੰ ਸਿਮ੍ਰਤੀ
ਮਜ਼ਲੂਮਾਂ ਲਈ ਅੱਖ ਸੀ ਗਹਿਰੀ।
ਰੱਬ ਦੁਨੀਆਂ ਦਾ ਸਾਂਝਾ ਹੋ ਕੇ
ਮੰਦਰ ਦੇ ਵਿਚ ਰਹਿ ਸਕਿਆ ਨਾ
ਬਖਸ਼ੋ ਬਖਸ਼ਣਹਾਰ ਸੁਆਮੀ
ਸ਼ੂਦਰ ਮੂੰਹੋਂ ਕਹਿ ਸਕਿਆ ਨਾ।
ਜੋ ਸੁਣਦਾ ਕੰਨਾਂ ਵਿਚ ਸਿੱਕਾ
ਢਾਲ ਉਸ ਦੇ ਪਾ ਦੇਂਦੇ ਸਨ,
ਨਾਮ ਜਪਣ ਦਾ ਹੱਕ ਨਹੀਂ ਤੈਨੂੰ
ਸ਼ੂਦਰ ਨੂੰ ਸਮਝਾ ਦੇਂਦੇ ਸਨ।
ਬੰਦੇ ਨੂੰ ਬੰਦੇ ਤੋਂ ਨਫਰਤ
ਪੱਥਰਾਂ ਨੂੰ ਵੀ ਛੋਹਣ ਨਹੀਂ ਦੇਂਦੇ
ਜੀਭ ਕੱਟ ਕੇ ਕਲਾ ਮੁਕਾਵਣ
ਪਰ ਰਾਮ ਪਰਾਇਆ ਹੋਣ ਨਹੀਂ ਦੇਂਦੇ।
ਭੀੜ ਪਵੇ ਤਾਂ ਰਾਮ ਵਿਚਾਰਾ
ਬੇਰ ਵੀ ਜੂਠੇ ਖਾ ਸਕਦਾ ਹੈ
ਪਰ ਰਿਸ਼ੀਆਂ ਤੇ ਮੁਨੀਆਂ ਆਖੇ
ਸਿਰ ਸ਼ੰਭੁਕ ਦਾ ਲਾਹ ਸਕਦਾ ਹੈ।
ਕੀ ਨਾਰੀ ਨੂੰ ਪੈਰ ਦੀ ਜੁੱਤੀ
ਕਹਿ ਇਹਨੇ ਅਪਮਾਨ ਨਹੀਂ ਕੀਤਾ?
ਪਰ ਨਾਰੀ ਤੂੰ ਤਖ਼ਤ ਬਿਠਾ ਕੇ
ਅੰਬੇਦਕਰ ਅਹਿਸਾਨ ਨਹੀਂ ਕੀਤਾ?
ਮੈਂ ਬਣਿਆ ਤੂੰ ਜੱਗ ਦੇ ਅੰਦਰ
ਪਾਣੀ ਤੇ ਪੱਥਰ ਵੀ ਤਾਰੇ
ਵਾਰੋ-ਵਾਰੀ ਡੁੱਬ ਗਏ ਪਰ
ਪੰਡਤਾਂ ਦੇ ਭਗਵਾਨ ਵਿਚਾਰੇ।
ਨਾਗਰ ਦੇ ਦਰਬਾਰ ਵਿਚ ਦਾਤਾ,
ਮੋਢੇ ਨੂੰ ਤੂੰ ਚੀਰ ਦਿਖਾਇਆ
ਚੌਂਹ ਜੁੱਗਾਂ ਦੇ ਜੰਜੂ ਕੱਢ ਕੇ
ਊਚ ਨੀਚ ਦਾ ਭਰਮ ਮਿਟਾਇਆ।
ਭੁੱਲੀ ਤੇ ਭਟਕੀ ਹੋਈ ਮੀਰਾਂ
ਜਾਂ ਦਾਤਾ ਦਰ ਤੇਰੇ ਆਈ
ਅੰਮ੍ਰਿਤ ਬੂੰਦ ਪਿਲਾ ਕੇ ਕੁਨ 'ਚੋਂ
ਜੋਤੀ ਦੇ ਨਾਲ ਜੋਤ ਮਿਲਾਈ।
ਫਿਰ ਵੀ ਇਹ ਜਰਵਾਣੇ ਹਿੰਦ ਵਿਚ
ਮਜ਼ਲੂਮਾਂ ਨੂੰ ਜੀਣ ਨਹੀਂ ਦੇਂਦੇ
ਹੱਥੀਂ ਖੂਹ ਤਾਂ ਲਾ ਸਕਦੇ ਹਾਂ
ਪਰ ਪਾਣੀ ਕੱਢ ਕੇ ਪੀਣ ਨਹੀਂ ਦੇਂਦੇ।ਆ ਮੈਂ ਤੇਰੇ ਬੇਗਮਪੁਰ ਦੀ
ਤੈਨੂੰ ਅੱਜ ਤਸਵੀਰ ਦਿਖਾਵਾਂ
ਜਿਸ ਖਾਤਰ ਤੂੰ ਖੂਨ ਡੋਹਲਿਆ
ਹੁੰਦੀ ਲੀਰੋ ਲੀਰ ਵਿਖਾਵਾਂ।
ਲੋਕ ਰਾਜ ਦਾ ਨਾਅਰਾ ਦੇ ਕੇ
ਅੱਜ ਭੀ ਸਾਨੂੰ ਲੁੱਟੀ ਜਾਂਦੇ
ਝੁੱਗੀਆਂ ਦੀ ਅੱਗ ਤੇਜ ਕਰਨ ਲਈ
ਜਿਊਂਦਿਆਂ ਅੱਗ ਵਿਚ ਸੁੱਟੀ ਜਾਂਦੇ।
ਮੈਨੂੰ ਇਹ ਅੰਨ੍ਹਾ ਤੇ ਬੋਲਾ
ਭਾਰਤ ਦਾ ਭਗਵਾਨ ਜਾਪਦਾ
ਮਾਂ ਭਾਰਤ ਦੀ ਹਿੱਕ ਤੇ ਬੈਠਾ
ਬੰਦਾ ਨਹੀਂ ਸ਼ੈਤਾਨ ਜਾਪਦਾ।
ਆ ਜਾ ਫਿਰ ਬਗਾਵਤ ਤੇਰੀ,
ਗੁਰੂ ਰਵਿਦਾਸ ਯੁੱਗ ਪਲਟਾ ਸਕਦੀ ਹੈ
ਨੀਚੋਂ ਊਚ ਕਰੇਂ ਵਾਲੀ ਸ਼ਕਤੀ
ਭਵਜਲ ਪਾਰ ਲੰਘਾ ਸਕਦੀ ਹੈ।

# ਬਾਬੇ ਨਾਨਕ ਦੀ ਮਹਿਮਾ



ਮਸਤਾਨ ਸਿੰਘ ਥਾਂਦੀ
(209) 474-3767

ਜਦ ਦੁਨੀਆਂ ਸਾਰੀ ਤੇ ਹੁੰਦੇ ਜ਼ੁਲਮ ਪਾਪ ਸੀ ਭਾਰੇ,
ਅਰਸੀ ਸੁਣ ਦੁਖੀਆਂ ਦੀ, ਆ ਗਏ ਨਾਨਕ ਦੇਵ ਪਿਆਰੇ,
ਧੁੰਦ ਮਿਟ ਗਈ ਪਾਪਾਂ ਦੀ, ਰੱਬੀ ਜੋਤ ਜਦੋਂ ਚਮਕਾਰੀ
ਧੰਨ ਸਤਿਗੁਰ ਜੀ, ਤੇਰੀ ਲੀਲਾ ਅਦਬ ਨਿਆਰੀ।
ਕਲਯੁੱਗ ਦੀ ਕਾਤੀ ਸੀ, ਪਾਪੀ ਰਾਜੇ ਬਣੇ ਕਸਾਈ,
ਦੌਰ ਸੀ ਖੁਦਗਰਜ਼ੀ, ਖਹਿ ਖਹਿ ਮਰਦੇ ਸੀ ਭਾਈ,
ਸੱਚ ਦਾ ਨਾਮ ਜਪਾ ਕੇ ਜੀ, ਦੁਨੀਆਂ ਭਵਸਾਗਰ ਤੋਂ ਤਾਰੀ
ਧੰਨ ਸਤਿਗੁਰੂ ਨਾਨਕ ਜੀ, ਤੇਰੀ ਲੀਲਾ ਅਦਬ ਨਿਆਰੀ...
ਆਖਿਆ ਸੀ ਕਾਲੂ ਨੇ, ਬੇਟਾ ਬਣਜ ਕਰੋ ਕੋਈ ਜਾ ਕੇ,
ਘਰ ਨੂੰ ਮੁੜ ਆਏ ਸੀ, ਸਾਧਾਂ ਨੂੰ ਪ੍ਰਸ਼ਾਦਿ ਛਕਾ ਕੇ,
ਸੱਚ ਸੌਦਾ ਸੌਦਾ ਕੀਤਾ ਸੀ, ਤੈਥੋਂ ਜਾਵਾਂ ਬਲਿਹਾਰੀ
ਧੰਨ ਸਤਿਗੁਰ ਨਾਨਕ ਜੀ, ਤੇਰੀ...
ਵਿਚ ਮੋਦੀ ਖਾਨੇ ਦੇ, ਤੇਰਾਂ ਤੇਰਾਂ ਕਹਿ ਵਰਤਾਂਦੇ,
ਜਾ ਘਾਟਾ ਪੈ ਜਾਊਗਾ, ਹਾਕਮ ਨੂੰ ਲੋਕੀ ਭੜਕਾਂਦੇ,
ਜਦ ਲੇਖਾ ਕੀਤਾ ਸੀ, ਤਾਂ ਸਤਿਗੁਰੂ ਨਫਾ ਦਿਖਾਂਦੇ ਭਾਰੀ
ਧੰਨ ਸਤਿਗੁਰ ਨਾਨਕ ਜੀ, ਤੇਰੀ ਲੀਲਾ....

ਸੱਚ ਝੂਠ ਨਿਤਾਰਨ, ਭਾਗੋ ਦਾ ਭੋਜਨ ਨਹੀਂ ਖਾਧਾ
ਰੱਖ ਸ਼ਾਨ ਗਰੀਬਾਂ ਦੀ, ਛਕਿਆ ਸੀ ਲਾਲੋ ਦਾ ਪ੍ਰਸ਼ਾਦਾ,
ਤੱਕ ਅਦਬ ਨਜ਼ਾਰੇ ਨੂੰ, ਚਰਨਾਂ ਤੇ ਰਹਿ ਪਿਆ ਮਲਕ ਹੰਕਾਰੀ

ਧੰਨ ਸਤਿਗੁਰੂ ਨਾਨਕ ਜੀ, ਤੇਰੀ ਲੀਲਾ...
ਸੀ ਕੌਡਾ ਰਾਖਸ਼ ਜੋ, ਜੀਹਦੇ ਜੀਵਾਂ ਨੂੰ ਖਾ ਜਾਂਦਾ,
ਉਹ ਜ਼ਾਲਮ ਪਾਪੀ ਇਕ ਦਿਨ ਮਰਦਾਨਾ ਫੜ ਲਿਆਂਦਾ,
ਘਟ ਘਟ ਦੇ ਵਾਸੀ ਨੂੰ, ਅਗਨੀ ਵਾਂਗ ਬਰਫ ਦੇ ਤਾਰੀ,
ਧੰਨ ਸਤਿਗੁਰੂ ਨਾਨਕ ਜੀ, ਤੇਰੀ ਲੀਲਾ....
ਵਿਚ ਅਰਬ ਦੇਸ਼ ਦੇ ਜੀ, ਕਰਕੇ ਪੈਰ ਮੱਕੇ ਵੱਲ ਪੈ ਗਏ,
ਜਦੋਂ ਫੜ ਘੁਮਾਏ ਸੀ, ਮੁੱਲਾ ਦੇਖ ਦੰਗ ਰਹਿ ਗਏ
ਚਰਨਾਂ ਵੱਲ ਘੁੰਮਦੀ ਸੀ, ਬਾਬੇ ਦੀ ਚਾਰ ਦੀਵਾਰੀ
ਧੰਨ ਸਤਿਗੁਰੂ ਜੀ, ਤੇਰੀ ਲੀਲਾ...
ਠੱਗ ਚੋਰ ਧਰੇ, ਜਦੋਂ ਗੱਲਾਂ ਅਮੋਲਕ ਸੁਣੀਆਂ,
ਲਾ ਨਾਅਰਾ ਏਕਾ ਦਾ, ਸੁੱਤੀ ਪਏਂ ਜਗਾਤੀ ਦੁਨੀਆਂ,
ਦਾਤਾ ਤੇਰੇ ਪਰਉਪਕਾਰਾਂ ਦੀ, ਮਹਿਮਾ ਗਾਵਾਂ ਜ਼ਿੰਦਗੀ ਸਾਰੀ,
ਧੰਨ ਸਤਿਗੁਰੂ ਨਾਨਕ ਜੀ, ਤੇਰੀ ਲੀਲਾ ਅਦਬ ਨਿਆਰੀ।

ਗੁਰਾਂ ਨੇ ਕਿਹੜਾ, ਏਕਾ ਦਾ ਨਾਅਰਾ ਲਾਇਆ, ਜੀਓ ਔਰ ਜਿਊਣ ਦਿਓ
ਸਭ ਇਨਸਾਨ, ਏਕ ਸਮਾਨ, ਸਭ ਖੂਨ ਤੋਂ ਦਸ ਦੁਆਰ ਏਕ ਸਮਾਨ,
ਬਖਸ਼ ਕਰੇ ਸਭ ਉਤੇ, ਮੇਰਾ ਤੇਰਾ ਭਗਵਾਨ।

# ਪੰਜਾਬੀ ਅਦਬੀ ਸੰਗਤ ਵਲੋਂ ਸ਼ਿੰਗਾਰ ਸਿੰਘ ਸੰਧੂ ਦਾ ਕਹਾਣੀ ਸੰਗ੍ਰਹਿ "ਬਲਦਾ ਦੀਵਾ" ਭਰਵੇਂ ਤੇ ਸ਼ਾਨਦਾਰ ਸਮਾਗਮ ਵਿੱਚ ਰਲੀਜ਼

ਸਰੀ:- (ਜਗਜੀਤ ਸਿੰਘ ਤੱਖਰ) -ਪੰਜਾਬੀ ਅਦਬੀ ਸੰਗਤ ਲਿਟਰੇਰੀ ਸੁਸਾਇਟੀ ਆਫ ਕੈਨੇਡਾ (ਰਜਿ) ਵਲੋਂ, 7 ਜੁਲਾਈ 2013 ਨੂੰ ਨਿਊਟਨ ਪਬਲਿਕ ਲਾਇਬਰੇਰੀ ਵਿਖੇ, ਇਕ ਪ੍ਰਭਾਵਸ਼ਾਲੀ ਤੇ ਸ਼ਾਨਦਾਰ ਸਮਾਗਮ ਵਿੱਚ, ਕਹਾਣੀਕਾਰ ਸ਼ਿੰਗਾਰ ਸਿੰਘ ਸੰਧੂ ਦੇ ਪਲੇਠੇ ਕਹਾਣੀ ਸੰਗ੍ਰਹਿ ਉਤੇ ਚਰਚਾ





ਹੋਈ। ਸਮਾਗਮ ਦੀ ਅਰੰਭਤਾ ਵਿੱਚ, ਸੰਸਥਾ ਦੇ ਸਕੱਤਰ ਜਗਜੀਤ ਸਿੰਘ ਤੱਖਰ ਵਲੋਂ, ਦੋ ਸ਼ੋਕ ਮਤੇ ਰੱਖੇ ਗਏ। ਜਿਸ ਵਿੱਚ ਪਹਿਲੇ ਮਤੇ ਤੇ- ਉਤਰਾਂਚਲ ਵਿੱਚ ਕੁਦਰਤੀ ਕਰੋਪੀ ਨਾਲ ਹੋਏ ਮਨੁੱਖੀ ਘਾਣ ਤੇ ਬਰਬਾਦੀ ਤੇ ਡੂੰਘਾ ਦੁੱਖ ਜ਼ਾਹਿਰ ਕੀਤਾ ਗਿਆ। ਦੂਜੇ ਮਤੇ ਤੇ- ਕਹਾਣੀਕਾਰ ਰਜਿੰਦਰ ਕੌਰ ਦੇ ਬੇਵਕਤ ਸਦੀਵੀ ਵਿਛੋੜੇ ਤੇ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ। ਅਦਬੀ ਸੰਗਤ ਦੇ ਸਮੂਹ ਹਾਜ਼ਰੀਨ ਨੇ ਦੋਨੋਂ ਮਤੇ ਪਾਸ ਕਰਕੇ, ਇਕ ਮਿੰਟ ਖੜ੍ਹੇ ਹੋ ਕੇ ਵਿੱਛੜੀਆਂ ਰੂਹਾਂ ਦੀ ਆਤਮਾਂ ਦੀ ਸ਼ਾਂਤੀ ਲਈ ਅਰਦਾਸ ਕੀਤੀ।

ਸਮਾਗਮ ਦੀ ਸ਼ੁਰੂਆਤ ਵਿੱਚ ਪ੍ਰਧਾਨਗੀ ਮੰਡਲ ਨੂੰ ਸਟੇਜ ਤੇ ਬਿਠਾਇਆ ਗਿਆ, ਜਿਸ ਵਿੱਚ ਜੈਤੇਗ ਸਿੰਘ ਅਨੰਤ, ਕਹਾਣੀਕਾਰ ਸ਼ਿੰਗਾਰ ਸਿੰਘ ਸੰਧੂ, ਜੋਗਿੰਦਰ ਸ਼ਮਸ਼ੇਰ ਤੇ ਜਗਜੀਤ ਸਿੰਘ ਤੱਖਰ ਸੁਸ਼ੋਭਿਤ ਹੋਏ, ਜਿਹਨਾਂ ਦਾ ਅਦਬੀ ਸੰਗਤ ਵਲੋਂ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਸੁਆਗਤ ਕੀਤਾ ਗਿਆ। ਭਾਰਤ ਤੋਂ ਆਏ ਸਿੱਖ ਵਿਦਵਾਨ ਕਰਨਲ ਗੁਰਦੀਪ ਸਿੰਘ (ਰਿਟਾ.) ਦਾ ਵੀ ਫੁੱਲਾਂ ਦੇ ਗੁਲਦਸਤੇ ਨਾਲ ਸਵਾਗਤ ਕੀਤਾ ਗਿਆ, ਜਿਹਨਾਂ ਸਿੱਖ ਦਰਸ਼ਨ ਤੇ ਸਿੱਖ ਧਰਮ ਉਤੇ ਵੱਡੀ ਗਿਣਤੀ ਵਿੱਚ ਪੁਸਤਕਾਂ ਲਿਖੀਆਂ ਹਨ।

ਅਗਲੇ ਦੌਰ ਵਿੱਚ ਸ਼ਿੰਗਾਰ ਸਿੰਘ ਸੰਧੂ ਦੀ ਪੁਸਤਕ "ਬਲਦਾ ਦੀਵਾ" ਤੇ ਭਰਵੀਂ ਗੋਸ਼ਟੀ ਹੋਈ ਜਿਸ ਵਿੱਚ ਨਾਮਵਰ ਲੇਖਕ ਅਦੀਬਾਂ ਨੇ ਹਿੱਸਾ ਲਿਆ। ਪ੍ਰਿੰਸੀਪਲ ਮਲੂਕ ਚੰਦ ਕਲੇਰ, ਬੀਬੀ ਗੁਰਦੀਸ਼ ਕੌਰ ਗਰੇਵਾਲ, ਜੋਗਿੰਦਰ ਸ਼ਮਸ਼ੇਰ, ਜੈਤੇਗ ਸਿੰਘ ਅਨੰਤ, ਪ੍ਰਿੰਸੀਪਲ ਸਰਵਣ ਸਿੰਘ ਔਜਲਾ ਅਤੇ ਰਜਿੰਦਰ ਸਿੰਘ ਪੰਧੇਰ ਵਲੋਂ, ਕਹਾਣੀਕਾਰ ਸ਼ਿੰਗਾਰ ਸਿੰਘ ਸੰਧੂ ਦੇ ਜੀਵਨ ਤੇ ਸ਼ਖਸੀਅਤ ਤੋਂ ਇਲਾਵਾ, ਕਹਾਣੀ ਕਲਾ, ਵਿਸ਼ਾ ਵਸਤੂ, ਤਕਨੀਕ, ਸ਼ਬਦਾਵਲੀ ਅਤੇ ਕਹਾਣੀ ਵਿੱਚ ਪ੍ਰਗਟਾਏ ਪਾਤਰਾਂ ਉਤੇ ਭਰਪੂਰ ਟਿੱਪਣੀਆਂ ਕੀਤੀਆਂ ਗਈਆਂ। ਕੁੱਝ ਵਿਦਵਾਨਾਂ ਨੇ ਕਹਾਣੀ ਪਾਠ ਰਾਹੀਂ, ਸਰੋਤਿਆਂ ਤੇ ਚੰਗਾ ਪ੍ਰਭਾਵ ਪਾਇਆ। ਸਮੁੱਚੇ ਤੌਰ ਤੇ ਸਭ ਵਿਦਵਾਨ ਲੇਖਕ ਇਸ ਸਿੱਟੇ ਤੇ ਪਹੁੰਚੇ ਕਿ ਕਹਾਣੀਕਾਰ ਦਾ ਪਲੇਠਾ ਸ਼ਾਹਕਾਰ 'ਬਲਦਾ ਦੀਵਾ' ਪਾਠਕਾਂ ਦੀ ਕਸਵੱਟੀ ਤੇ ਪੂਰਾ ਉਤਰਦਾ ਹੈ। ਉਸ ਦੀ ਕਹਾਣੀ ਕਲਾ ਦੀ ਸਫਲ ਪ੍ਰਾਪਤੀ ਤੇ ਇਕ ਸੁਰ ਮੁਬਾਰਕ ਦਿੱਤੀ ਗਈ। ਸਮਾਗਮ ਦੇ ਅੰਤਲੇ ਦੌਰ ਵਿੱਚ, ਸ਼ਿੰਗਾਰ ਸਿੰਘ ਸੰਧੂ ਦਾ ਮਿੰਨੀ ਕਹਾਣੀ ਸੰਗ੍ਰਹਿ "ਬਲਦਾ ਦੀਵਾ" ਵੱਡੀ ਗਿਣਤੀ ਵਿੱਚ ਪੁੱਜੇ ਲੇਖਕਾਂ, ਅਦੀਬਾਂ ਦੀ ਹਾਜ਼ਰੀ ਵਿੱਚ, ਜੈਤੇਗ ਸਿੰਘ ਅਨੰਤ ਨੇ ਰਲੀਜ਼ ਕੀਤਾ। ਇਸ ਦੇ ਨਾਲ ਹੀ ਪੰਜਾਬੀ ਅਦਬੀ ਸੰਗਤ ਵਲੋਂ ਸ਼ਿੰਗਾਰ ਸਿੰਘ ਸੰਧੂ ਨੂੰ, ਜੈਤੇਗ ਸਿੰਘ ਅਨੰਤ ਤੇ ਹੋਰ ਸਾਥੀਆਂ ਨੇ ਸਾਂਝੇ ਤੌਰ ਤੇ ਇਕ ਦਸਤਾਰ, ਸ਼ਾਲ, ਪਲੈਕ ਅਤੇ ਫੁੱਲਾਂ ਦੇ ਗੁਲਦਸਤੇ ਨਾਲ ਸਨਮਾਨਿਤ ਕੀਤਾ ਗਿਆ। ਕਨੇਡਾ ਦੇ ਮੈਂਬਰ ਪਾਰ-ਲੀਮੈਂਟ ਜਸਬੀਰ ਸਿੰਘ ਸੰਧੂ ਜੋ ਕਿਸੇ ਕਾਰਨ ਵੱਸ ਪਹੁੰਚ ਨਹੀਂ ਸਕੇ, ਉਹਨਾਂ ਵਲੋਂ ਭੇਜਿਆ ਗਿਆ ਪ੍ਰਸ਼ੰਸਾ ਪੱਤਰ ਤੇ ਸਰਟੀਫਕੇਟ, ਜਗਜੀਤ ਸਿੰਘ ਤੱਖਰ ਵਲੋਂ ਭੇਟ ਕੀਤਾ ਗਿਆ। ਸਮਾਗਮ ਵਿੱਚ ਪੰਜਾਬੀ ਅਦਬੀ ਸੰਗਤ ਦੇ ਡਾਇਰੈਕਟਰ ਕੇਹਰ ਸਿੰਘ ਧਮੜੈਤ, ਕੇਵਲ ਸਿੰਘ ਧਾਲੀਵਾਲ, ਸੁਤੇ ਅਹੀਰ ਤੋਂ ਇਲਾਵਾ ਉੱਘੀਆਂ ਸ਼ਖਸੀਅਤਾਂ ਦੀ ਸ਼ਮੂਲੀਅਤ ਦੇਖੀ ਗਈ ਜਿਹਨਾਂ ਵਿੱਚ- ਦਲਜੀਤ ਸਿੰਘ ਸੰਧੂ, ਅਵਤਾਰ ਸਿੰਘ ਸੰਧੂ ਵੈਨਕੂਵਰ, ਚਮਕੌਰ ਸਿੰਘ ਸੇਖੋਂ, ਪ੍ਰਿੰਸੀਪਲ ਹਰਚਰਨ ਸਿੰਘ ਪੁਨੀਆਂ, ਕਰਤਾਰ ਸਿੰਘ ਸੰਧੂ (ਰੋਡੇ), ਪ੍ਰੋ. ਗੁਰਦੀਪ ਸਿੰਘ, ਸੁਰਜੀਤ ਸਿੰਘ ਗਿੱਲ, ਜੋਗਿੰਦਰ ਸਿੰਘ ਗਰੇਵਾਲ, ਨਰਿੰਜਨ ਸਿੰਘ ਬੈਨੀਪਾਲ, ਜੋਗਿੰਦਰ ਕੌਰ, ਮਹਿੰਦਰ ਸਿੰਘ ਗਿੱਲ, ਗੁਰਵਿੰਦਰ ਸਿੰਘ ਗਰੇਵਾਲ, ਸੰਤੋਖ ਸਿੰਘ ਛੀਨਾ ਅਤੇ ਹੋਰ ਅਦਬੀ ਤੇ ਸਕਾਫ਼ਤੀ ਸ਼ਖਸੀਅਤਾਂ ਹਾਜ਼ਰ ਸਨ। ਅੰਤ ਵਿੱਚ ਸ਼ਿੰਗਾਰ ਸਿੰਘ ਸੰਧੂ ਨੇ ਸਾਰੇ ਬੁਲਾਰਿਆਂ ਅਤੇ ਆਏ ਹੋਏ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਪਰੰਤ ਸੰਸਥਾ ਵਲੋਂ ਭਵਿੱਖ ਵਿੱਚ ਹੋ ਰਹੇ ਪ੍ਰੋਗਰਾਮਾਂ ਬਾਰੇ ਸੂਚਿਤ ਕਰਦਿਆਂ ਦੱਸਿਆ ਗਿਆ ਕਿ 28 ਜੁਲਾਈ 2013, ਦਿਨ ਐਤਵਾਰ ਨੂੰ ਇਸੇ ਸਥਾਨ ਤੇ, ਬੀਬੀ ਗੁਰਦੀਸ਼ ਕੌਰ ਗਰੇਵਾਲ ਦਾ ਨਿਬੰਧ ਸੰਗ੍ਰਹਿ ਵੀ ਰਲੀਜ਼ ਕੀਤਾ ਜਾਵੇਗਾ। ਅਦਬੀ ਸੰਗਤ ਵਲੋਂ ਆਏ ਮਹਿਮਾਨਾਂ ਦੀ ਖੁਲ੍ਹ ਦਿਲੀ ਨਾਲ ਚਾਹ ਪਾਣੀ ਦੀ ਸੇਵਾ ਕੀਤੀ ਗਈ। ਸੁਤੇ ਅਹੀਰ ਨੇ ਆਪਣੀ ਕਲਾਤਮਿਕ ਫੋਟੋਕਲਾ ਰਾਹੀਂ ਸਮੁੱਚੇ ਫੰਕਸ਼ਨ ਨੂੰ ਕੈਮਰੇ ਵਿੱਚ ਕੈਦ ਕੀਤਾ। ਢਾਈ ਘੰਟੇ ਚੱਲੇ ਸ਼ਾਨਦਾਰ ਤੇ ਪ੍ਰਭਾਵਸ਼ਾਲੀ ਸਮਾਗਮ ਨੇ ਪੰਜਾਬੀ ਮਾਂ ਬੋਲੀ ਦੇ ਪਾਠਕਾਂ, ਸਰੋਤਿਆਂ ਤੇ ਅਦੀਬਾਂ ਤੇ ਆਪਣੀ ਅਮਿੱਟ ਛਾਪ ਛੱਡੀ।

# ਸੰਤ ਅਮਰ ਦਾਸ ਜੀ ਦੀ ਚੌਥੀ ਬਰਸੀ 17 ਜੁਲਾਈ ਨੂੰ ਮਨਾਈ ਜਾਵੇਗੀ

ਹੁਸ਼ਿਆਰਪੁਰ (ਤਰਸੇਮ ਜਲੰਧਰੀ)- ਪੂਜਨੀਕ ਗੁਰਦੇਵ ਬ੍ਰਹਮ ਗਿਆਨੀ ਬ੍ਰਮਬੇਤਾ ਮਹਾਨ ਪਰਉਪਕਾਰੀ ਨਾਮ ਦੇ ਰਸੀਏ ਬ੍ਰਹਮਲੀਨ 108 ਸੰਤ ਬਾਬਾ ਅਮਰ ਦਾਸ ਜੀ ਦੀ ਚੌਥੀ ਬਰਸੀ 17 ਜੁਲਾਈ ਨੂੰ ਡੇਰਾ ਬਾਬਾ ਕੱਲਰਾਂ ਪਿੰਡ ਸ਼ੇਪਰ ਢੱਕੋਂ (ਹੁਸ਼ਿਆਰਪੁਰ) ਪੰਜਾਬ, ਭਾਰਤ ਵਿਖੇ ਬਹੁਤ ਸ਼ਰਧਾ ਪੂਰਵਕ ਮਨਾਈ ਜਾਵੇਗੀ।

ਇਸ ਸਬੰਧੀ ਦਿਨ ਸੋਮਵਾਰ 15 ਜੁਲਾਈ ਨੂੰ ਸ੍ਰੀ ਅਖੰਡ ਪਾਠ ਆਰੰਭ ਹੋਣਗੇ ਸਵੇਰੇ ਸਾਢੇ ਦਸ ਵਜੇ ਅਤੇ ਦਿਨ ਬੁੱਧਵਾਰ 17 ਜੁਲਾਈ ਨੂੰ ਸਾਹਿਬ ਸ੍ਰੀ ਅਖੰਡ ਪਾਠ ਜੀ ਦੇ ਭੋਗ ਪਾਏ ਜਾਣਗੇ। ਇਸ ਦੌਰਾਨ ਗੁਰਬਾਣੀ ਕੀਰਤਨ ਦੇ ਨਾਲ ਮਹਾਂਪੁਰਸ਼ਾਂ ਦੇ ਪ੍ਰਵਚਨ ਵੀ ਕੀਤੇ ਜਾਣਗੇ। ਵਧੇਰੇ ਜਾਣਕਾਰੀ ਲਈ ਡੇਰੇ ਨਾਲ 01884-243355 ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਕੈਨੇਡੀ ਦੀ ਹੱਤਿਆ 'ਤੇ ਆਧਾਰਤ ਕਿਤਾਬ ਅਕਤੂਬਰ 'ਚ ਹੋਵੇਗੀ ਰਿਲੀਜ਼

ਨਿਊਯਾਰਕ—ਮਰਹੂਮ ਰਾਸ਼ਟਰਪਤੀ ਜਾਨ ਐੱਫ. ਕੈਨੇਡੀ (ਜੇ. ਕੇ. ਐੱਫ.) ਦੀ ਹੱਤਿਆ ਨੂੰ ਲੈ ਕੇ ਕਦੇ ਵਿਵਾਦਤ ਰਹੀ ਜਾਂਚ ਇਕ ਨਵੇਂ ਕੂਪ ਵਿਚ ਲੋਕਾਂ ਸਾਹਮਣੇ ਆਉਣ ਜਾ ਰਹੀ ਹੈ। ਨਿਊਯਾਰਕ ਟਾਈਮਜ਼ ਨੇ ਸਾਬਕਾ ਪੱਤਰਕਾਰ ਅਤੇ ਮਸ਼ਹੂਰ ਲੇਖਕ ਫਿਲਿਪ ਸ਼ੇਨਾਨ ਦੀ ਆਉਣ ਵਾਲੀ ਕਿਤਾਬ ਵਿਚ ਇਹ ਦੋਸ਼ ਲਾਇਆ ਹੈ ਕਿ ਵਾਰੇਨ ਕਮਿਸ਼ਨ ਦੀਆਂ ਕੋਸ਼ਿਸ਼ਾਂ ਵਿਚ ਰਸੂਖਦਾਰ ਲੋਕਾਂ ਨੇ ਦਖਲ ਦਿੱਤਾ ਹੈ। ਕਮਿਸ਼ਨ ਇਸ ਗੱਲ ਦੀ ਜਾਂਚ ਕਰ ਰਿਹਾ ਸੀ ਕਿ 22 ਨਵੰਬਰ, 1963 ਵਿਚ ਕੈਨੇਡੀ 'ਤੇ ਕੀਤੇ ਗਏ ਹਮਲਿਆਂ ਵਿਚ ਰੀ. ਲੀ ਹਰਵੇ ਓਸਵਾਲਡ ਹੀ ਸ਼ਾਮਲ ਸੀ।

# ਸ੍ਰੀ ਗੁਰੂ ਰਵਿਦਾਸ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ- ਖੁਰਾਲਗੜ੍ਹ



ਬਲਜਿੰਦਰ ਮਾਨ
98150-18947
Email : nikkiankarum-blan@rediffmail.com

ਸੰਤ ਮਹਾਂ ਪੁਰਸ਼ ਭੁੱਲੀ ਹੋਈ ਜਨਤਾ ਦਾ ਸਹੀ ਮਾਰਗ ਦਰਸ਼ਨ ਕਰਨ ਲਈ ਇੱਧਰ ਉਧਰ ਜਾਂਦੇ ਰਹਿੰਦੇ ਹਨ।ਉਹ ਸਦਾ ਇਕ ਥਾਂ ਡੇਰਾ ਜਮਾਕੇ ਜੀਵਨ ਨਹੀਂ ਗੁਜ਼ਾਰਦੇ।ਜਿਵੇਂ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਦੌਰਾਨ ਭੁੱਲੀ ਹੋਈ ਲੋਕਾਈ ਨੂੰ ਗਿਆਨ ਦੇ ਚਾਨਣ ਨਾਲ ਅਧਿਆਤਮਿਕਤਾ ਦੇ ਰਾਹੇ ਪਾਇਆ।ਇਸੇ ਤਰ੍ਹਾਂ ਗੁਰੂ ਰਵੀਦਾਸ ਜੀ ਨੇ ਭਾਵੇਂ ਬਹੁਤਾ ਸਮਾਂ ਕਾਸ਼ੀਂ ਵਿਚ ਹੀ ਗੁਜ਼ਾਰਿਆ ਦੱਸਿਆ ਜਾਂਦਾ ਹੈ ਪਰ ਖੋਜੀਆਂ ਨੇ ਗੁਰੂ ਰਵਿਦਾਸ ਜੀ ਦੀ ਇਕ ਪੰਜਾਬ ਫੇਰੀ ਦੀਆਂ ਪੈੜਾਂ ਦੀ ਖੋਜ ਕੱਢੀ ਹੈ।ਖੋਜੀਆਂ ਦਾ ਕਹਿਣਾ ਹੈ ਕਿ ਗੁਰੁ ਰਵਿਦਾਸ ਜੀ 1515 ਈਸਵੀ ਵਿਚ ਜ਼ਿਲ੍ਹਾ ਹੁਸ਼ਿਆਰਪੁਰ ਦੀਆਂ ਸ਼ਿਵਾਲਿਕ ਪਹਾੜੀਆਂ ਵਿਚ ਵਸਦੇ ਪਿੰਡ ਖੁਰਾਲਗੜ੍ਹ ਖੁਰਾਲੀ ਵਿਚ ਆਏ।ਜਿੱਥੇ ਉਹਨਾਂ ਨੇ ਚਾਰ ਸਾਲ ਦੋ ਮਹੀਨੇ ਅਤੇ ਗਿਆਰਾ ਦਿਨ ਗੁਜ਼ਾਰੇ।

ਇਸ ਸਮੇਂ ਦੌਰਾਨ ਉਹਨਾਂ ਦੀਨ ਦੁਖੀਆਂ ਦੀ ਸੇਵਾ ਕੀਤੀ ਅਤੇ ਪ੍ਰਭੂ ਭਗਤੀ ਦਾ ਗੁਰ ਮੰਤਰ ਸਮਝਾਇਆ। ਕਿਰਤ ਦੀ ਮਹਾਨਤਾ ਅਤੇ ਕਿਰਤੀ ਦਾ ਆਦਰ ਕਰਨ ਵਾਲੇ ਨੂੰ ਗਲੇ ਲਾਇਆ।ਇਸ ਸਮੇਂ ਗੁਰੂ ਜੀ ਨਾਲ ਉਹਨਾਂ ਦੀ ਚੇਲੀ ਮੀਰਾ ਬਾਈ, ਝਾਲਾ ਬਾਈ ਅਤੇ ਭਾਨਵਤੀ ਜੀ ਵੀ ਸਨ।ਗੁਰੂ ਸਾਹਿਬ ਦੀ ਮਹਿਮਾ ਸੁਣਕੇ ਇਸ ਇਲਾਕੇ ਦਾ ਰਾਜਾ ਬੈਨ ਗੁਰੂ ਨਾਲ ਨਰਾਜ਼ ਹੋ ਗਿਆ।ਉਸਨੇ ਅਹਿਲਕਾਰਾਂ ਨੂੰ ਹੁਕਮ ਦਿੱਤਾ ਕਿ ਗੁਰੂ ਰਵਿਦਾਸ ਨੂੰ ਖਰਾਸ (ਆਟਾ ਪੀਸਣ ਦੀ ਮਸ਼ੀਨ) ਗੇੜਨ ਦੀ ਸਜਾ ਦਿੱਤੀ ਜਾਵੇ। ਗੂਰੂ ਸਾਹਿਬ ਖਰਾਸ ਕੋਲ ਜਾ ਕੇ ਅੰਤਰ ਧਿਆਨ ਹੋਏ ਤਾਂ ਖਰਾਸ ਖੁਦ- ਬ ਖੁਦ ਚੱਲਣ ਲੱਗ ਪਿਆ। ਇਸ ਘਟਨਾ ਨਾਲ ਰਾਜੇ ਦੀਆਂ ਅੱਖਾਂ ਖੁੱਲ੍ਹ ਗਈਆਂ। ਉਸਨੂੰ ਗਿਆਨ ਹੋ ਗਿਆ ਕਿ ਗੁਰੂ ਰਵਿਦਾਸ ਪ੍ਰਮਾਤਮਾ ਦਾ ਸੱਚਾ ਭਗਤ ਹੈ। ਉਹ ਜੋ ਚਾਹੇ ਕਰ ਸਕਦਾ ਹੈ।ਰਾਜੇ ਨੇ ਗੁਰੂ ਜੀ ਦੇ ਚਰਨੀ ਪੈਕੇ ਮੁਆਫੀ ਮੰਗੀ।

ਇਲਾਕੇ ਵਿਚ ਪਾਣੀ ਦਾ ਬਹੁਤ ਸੰਕਟ ਸੀ ਇਸਦੇ ਹੱਲ ਵਾਸਤੇ ਸਾਰੀ ਸੰਗਤ ਨਾਲ ਰਾਜਾ ਬੈਨ ਵੀ ਗੁਰੂ ਚਰਨਾ ਵਿਚ ਹਾਜ਼ਰ ਹੋਇਆ।ਸੰਗਤ ਦੀ ਬੇਨਤੀ ਤੇ ਗੁਰੂ ਜੀ ਨੇ ਇਸ ਅਸਥਾਨ ਤੋਂ ਥੋੜੀ ਦੂਰ ਜਾਕੇ ਇਕ ਪੱਥਰ ਹਟਾਓਣ ਲਈ ਕਿਹਾ ਤਾਂ ਉਥੇ ਪਵਿਤਰ ਜਲ ਦਾ ਚਸ਼ਮਾ ਵਗ ਪਿਆ ਜੋ ਅਜ ਵੀ ਨਿਰੰਤਰ ਵਗ ਰਿਹਾ ਹੈ। ਇਸ ਤਰਾਂ ਸਾਧ ਸੰਗਤ ਦੀਆਂ ਮੁਸ਼ਕਿਲਾਂ ਦਾ ਹਲ ਕਰਦੇ ਰਹੇ। ਖੁਰਾਲੀ ਵਿਚ ਗੁਰੂ ਜੀ ਦੀ ਸੇਵਾ ਵਿਚ ਧੰਨਾ ਜੀ ਤੇ ਦੇਵਿਆ ਜੀ ਸਾਰਾ ਸਮਾਂ ਜੁਟੇ ਰਹੇ। ਜਿਸ ਅਸਥਾਨ ਤੇ ਗੁਰੂ ਜੀ ਦਾ ਗੁਰਦੁਆਰਾ ਉਸਾਰਿਆ ਗਿਆ ਹੈ। ਉਸ ਅਸਥਾਨ ਤੇ ਗੁਰੂ ਜੀ ਨੇ ਖਰਾਸ ਚਲਾਇਆ ਸੀ। ਅਜ ਵੀ ਉਸ ਖਰਾਸ ਦਾ ਇਕ ਪੁੜ (ਪੱਥਰ) ਇਸ ਥਾਂ ਤੇ ਸੁਰੱਖਿਅਤ ਪਿਆ ਹੈ।ਜਿਹਨਾਂ ਪੱਥਰਾਂ ਨਾਲ ਸੰਗਤਾਂ ਨੂੰ ਭੰਡਾਰਾ ਵੰਡਿਆ ਜਾਂਦਾ ਸੀ ਉਹ ਵੀ ਇਥੇ ਸੰਭਾਲੇ ਪਏ ਹਨ। ਗੁਰੂ ਰਵਿਦਾਸ ਜੀ ਦੇ ਇਸ ਤਪ ਅਸਥਾਨ ਤਕ ਪੁੱਜਣ ਲਈ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੋਂ ਰੋਪੜ ਨੂਰਪੁਰ ਬੇਦੀ ਰਾਹੀਂ ਲਗਭਗ 100 ਕਿਲੋ ਮੀਟਰ ਦਾ ਪੈਂਡਾ ਤੈਅ ਕਰਨਾ ਪੈਂਦਾ ਹੈ। ਨੂਰਪੁਰ ਬੇਦੀ ਤੋਂ 21 ਕਿਲੋਮੀਟਰ ਗੜ੍ਹਸ਼ੰਕਰ ਤੋਂ 25 ਕਿਲੋ ਮੀਟਰ ਅਤੇ ਹਿਮਾਚਲ ਪ੍ਰਦੇਸ਼ ਦੇ ਊਨਾ ਜ਼ਿਲੇ ਦੇ ਬਾਥੜੀ ਪਿੰਡ ਤੋਂ 7 ਕਿਲੋ ਮੀਟਰ ਦੇ ਕਰੀਬ ਸਫਰ ਪੈਂਦਾ ਹੈ।



ਸ਼੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਖੁਰਾਲਗੜ੍ਹ ਹੁਸ਼ਿਆਰਪੁਰ ਵੱਲੋਂ ਗੁਰੂ ਰਵਿਦਾਸ ਜੀ ਦੇ ਇਸ ਇਤਿਹਾਸਕ ਅਸਥਾਨ ਦੀ ਸਾਂਭ ਸੰਭਾਲ ਕੀਤੀ ਜਾ ਰਹੀ ਹੈ।ਆਉਣ ਵਾਲੀ ਸੰਗਤ ਲਈ ਚਾਹ ਅਤੇ ਲੰਗਰ 24 ਘੰਟੇ ਚੱਲਦਾ ਰਹਿੰਦਾ ਹੈ।ਸੰਗਤ ਲਈ ਰਿਹਾਇਸ਼ ਦੀ ਉਸਾਰੀ ਵੀ ਕੀਤੀ ਜਾ ਚੁੱਕੀ ਹੈ।ਗੁਰੂ ਜੀ ਦੇ ਸਮੇਂ ਇਸ ਇਲਾਕੇ ਵਿਚ ਪੀਣ ਵਾਲੇ ਪਾਣੀ ਦੀ ਬੜੀ ਸਮੱਸਿਆ ਸੀ।ਸੰਗਤਾਂ ਦੇ ਇਸ ਦੁੱਖ ਦਾ ਅੰਤ ਕਰਨ ਲਈ ਉਹਨਾਂ ਤਿੰਨ ਕਿਲੋਮੀਟਰ ਦੀ ਦੂਰੀ ਤੇ ਜਾਕੇ ਖੱਡ ਵਿਚੋਂ ਇਕ ਪੱਥਰ ਆਪਣੇ ਸੱਜੇ ਪੈਰ ਦੇ ਅੰਗੂਠੇ ਨਾਲ ਪਰ੍ਹਾਂ ਹਟਾਇਆ ਤਾਂ ਪਵਿੱਤਰ ਜਲ ਦਾ ਝਰਨਾ ਵਗ ਤੁਰਿਆ। ਸੰਗਤਾਂ ਨੇ ਗੁਰੂ ਜੀ ਦੀ ਜੈ ਜੈ ਕਾਰ ਕੀਤੀ। ਅਜ ਵੀ ਇਸ ਪਵਿੱਤਰ ਜਲ ਦੇ ਸੇਵਨ ਅਤੇ ਇਸ਼ਨਾਨ ਨਾਲ ਸੰਗਤਾਂ ਨੂੰ ਅਨੇਕਾਂ ਰੋਗਾਂ ਤੋਂ ਰਾਹਤ ਮਿਲਦੀ ਹੈ। ਇਹ ਜਲ 200 ਮੀਟਰ ਥਾਂ ਵਿਚ ਹੀ ਮੁੜ ਸਮਾ ਜਾਂਦਾ ਹੈ।

ਚਰਨ ਗੰਗਾ ਦੀ ਪ੍ਰਬੰਧਕ ਕਮੇਟੀ ਖੁਰਾਲਗੜ੍ਹ ਨਾਲੋਂ ਵੱਖਰੀ ਹੈ। ਦੋਨਾਂ ਅਸਥਾਨਾ ਤੇ ਸੰਗਤ ਦੀ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਹੈ। ਦੋ ਕਰੋੜ ਰੂਪੈ ਦੀ ਲਾਗਤ ਨਾਲ ਕੇਂਦਰ ਸਰਕਾਰ ਦੁਆਰਾ ਗੁਰੂ ਜੀ ਦੀ ਯਾਦ ਵਿਚ ਟੂਰੈਸਟ ਕੰਪਲੈਕਸ ਵੀ ਉਸਾਰਿਆ ਗਿਆ ਹੈ।ਦੋਨਾਂ ਕਮੇਟੀਆਂ ਦੀ ਇਕਸੁਰਤਾ ਨਾਲ ਇਸ ਇਤਿਹਾਸਕ ਅਸਥਾਨ ਦੇ ਵਿਕਾਸ ਦੀ ਗਤੀ ਤੇਜ ਹੋ ਸਕਦੀ ਹੈ। ਸੰਗਤਾਂ ਦੀ ਵੀ ਇਹੀ ਇੱਛਾ ਹੈ ਕਿਉਂਕਿ ਉਹਨਾਂ ਲਈ ਦੋਨੋਂ ਅਸਥਾਨ ਪਵਿੱਤਰ ਹਨ।ਰਾਜਨੀਤਿਕ ਆਗੂਆਂ ਅਤੇ ਸਮੇਂ ਦੀਆਂ ਸਰਕਾਰਾਂ ਵਲੋਂ ਜਿੰਨੇ ਐਲਾਨ ਇੱਥੇ ਕੀਤੇ ਜਾ ਚੁੱਕੇ ਹਨ ਉਹਨਾਂ ਵਿਚੋਂ ਸਿਰਫ ਗਿਣੇ ਚੁਣੇ ਐਲਾਨਾਂ ਨੂੰ ਹੀ ਬੂਰ ਪਿਆ ਹੈ। ਚਾਹੀਦਾ ਤਾਂ ਇਹ ਹੈ ਕੇ ਇਸ ਅਸਥਾਨ ਦੀ ਰੂਪ ਰੇਖਾ ਉਲੀਕਣ ਵੇਲੇ ਜਾਤਾਂ ਧਰਮਾਂ ਅਤੇ ਪਾਰਟੀਆਂ ਦੇ ਲਿਬਾਸ ਅਸਥਾਨ ਤੋਂ ਬਾਹਰ ਹੀ ਉਤਾਰ ਦਿੱਤੇ ਜਾਣ।ਬਹੁਤ ਸਮਾਂ ਪਹਿਲਾਂ ਸਰਕਾਰ ਨੇ ਇੱਥੇ ਸੰਵਿਧਾਨ ਦੇ ਨਿਰਮਾਤਾ ਡਾ ਭੀਮ ਰਾਓ ਅੰਬੇਦਕਰ ਜੀ ਦੇ ਨਾਂ ਤੇ ਇਕ ਆਹਲਾ ਦਰਜੇ ਦੀ ਲਾਇਬ੍ਰੇਰੀ ਉਸਾਰਨ ਦਾ ਵਾਇਦਾ ਕੀਤਾ ਸੀ ਜੋ ਅਜੇ ਤਕ ਵਫਾ ਨਹੀਂ ਹੋਇਆ।

ਖੁਰਾਲਗੜ੍ਹ ਕੁਦਰਤੀ ਨਜ਼ਾਰੇ ਵਾਲਾ ਇਕ ਰਮਣੀਕ ਥਾਂ ਹੈ।ਇਸ ਇਲਾਕੇ ਦੇ ਬਹੁਤੇ ਆਦਿ ਧਰਮੀ ਸੂਦ ਗੋਤ ਨਾਲ ਸਬੰਧ ਰੱਖਦੇ ਹਨ।ਇਥੇ ਸਿਰਫ ਆਦਿ ਧਰਮੀ ਲੋਕ ਹੀ ਨਹੀਂ ਪੁੱਜਦੇ ਸਗੋਂ ਇਲਾਕੇ ਦੇ ਉਚੀਆਂ ਜਾਤਾਂ ਵਾਲੇ ਲੋਕ ਵੀ ਪੁੱਜਕੇ ਗੁਰੁ ਜੀ ਦੀ ਬਖਸ਼ਿਸ਼ ਹਾਸਿਲ ਕਰਦੇ ਹਨ।ਗੁਰੂ ਜੀ ਦੇ ਇਸ ਇਤਿਹਾਸਕ ਅਸਥਾਨ ਦੀ ਕਾਰ ਸੇਵਾ ਦਾ ਸਭ ਤੋਂ ਪਹਿਲਾ ਅਰੰਭ ਸੈਲਾ ਖੁਰਦ ਲਾਗਲੇ ਪਿੰਡ ਪੋਸੀ ਦੇ ਬਾਬਾ ਸੁੰਦਰ ਦਾਸ ਰਮਤਾ ਜੀ ਨੇ ਕਰਵਾਇਆ ਸੀ।ਉਹ 105 ਸਾਲ ਦੀ ਉਮਰ ਭੋਗ ਕੇ ਮਾਰਚ 2002 ਵਿਚ ਇਸ ਦੁਨੀਆਂ ਤੋਂ ਕੂਚ ਕਰ ਗਏ।ਉਹਨਾਂ ਨੇ 14 ਸਾਲ ਦੇ ਕਰੀਬ ਇਸ ਪਵਿੱਤਰ ਅਸਥਾਨ ਦੀ ਸੇਵਾ ਵਿਚ ਗੁਜ਼ਾਰੇ।ਆਮ ਦਿਨਾਂ ਤੋਂ ਇਲਾਵਾ ਵਿਸਾਖੀ ਵਾਲੇ ਦਿਨ ਅਤੇ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਤੋਂ ਅਗਲੇ ਐਤਵਾਰ ਨੂੰ ਦੇਸ਼ ਵਿਦੇਸ਼ ਦੀਆਂ ਸੰਗਤਾਂ ਦਾ ਭਾਰੀ ਮੇਲਾ ਜੁੜਦਾ ਹੈ।ਡਾ. ਕੇਵਲ ਕੁਮਾਰ ਸੂਦ ਦੁਆਰਾ ਰਚੀ ਖੋਜ ਭਰਪੂਰ ਪੁਸਤਕ 'ਖੁਰਾਲਗੜ੍ਹ ਦਰਸ਼ਨ' ਵਿਚ ਵੀ ਇਸ ਅਸਥਾਨ ਬਾਰੇ ਵਡਮੁੱਲੀ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਅਜੇ ਇਸ ਅਸਥਾਨ ਦੀ ਸੁੰਦਰਤਾ ਅਤੇ ਵਿਕਾਸ ਲਈ ਬਹੁਤ ਕੁੱਝ ਕਰਨ ਲਈ ਬਾਕੀ ਹੈ। ਇਥੇ ਨੂੰ ਆਉਂਦੀਆਂ ਸਾਰੀਆਂ ਸੜਕਾਂ ਨੂੰ ਚੌੜਿਆਂ ਕਰਕੇ ਬਿਹਤਰ ਕਰਨ ਦੀ ਲੋੜ ਹੈ।ਅਜਿਹੇ ਧਾਰਮਿਕ ਅਤੇ ਪਵਿੱਤਰ ਅਸਥਾਨ ਲਈ ਸੈਰ ਸਪਾਟਾ ਵਿਭਾਗ ਨੂੰ ਵਿਸ਼ੇਸ਼ ਯਤਨ ਕਰਨੇ ਚਾਹੀਦੇ ਹਨ।

## ਧਰਤ ਦੁਆਬੇ ਦੀ

# ਮਾਹਿਲਪੁਰ- ਫੁੱਟਬਾਲ ਦੀ ਨਰਸਰੀ

ਜਿਵੇ ਸੰਸਾਰਪੁਰ ਨੂੰ ਹਾਕੀ ਦਾ ਘਰ ਮੰਨਿਆ ਗਿਆ ਹੈ ਉਸੇ ਤਰ੍ਹਾਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਇਲਾਕਾ ਮਾਹਿਲਪੁਰ ਨੂੰ ਫੁੱਟਬਾਲ ਦੀ ਨਰਸਰੀ ਹੋਣ ਦਾ ਮਾਣ ਹਾਸਿਲ ਹੈ। ਇਸ ਇਲਾਕੇ ਨੇ ਇਹ ਮਾਣ ਐਵੇ ਹੀ ਹਾਸਿਲ ਨਹੀ ਕੀਤਾ ਸਗੋ ਫੁੱਟਬਾਲ ਲਈ ਦਿਨ ਰਾਤ ਮਿਹਨਤ ਮਸ਼ੱਕਤ ਕਰਕੇ ਹਾਸਿਲ ਕੀਤਾ ਹੈ। ਇਥੋ ਦੀ ਪੈਦਾਇਸ਼ ਅਰਜਨ ਐਵਾਰਡੀ ਫੁੱਟਬਾਲਰ ਸਵਰਗਵਾਸੀ ਸ ਜ਼ਰਨੈਲ ਸਿੰਘ ਦੱਸਦੇ ਹੁੰਦੇ ਸਨ ਕਿ ਉਹ ਇੱਕ ਫੁੱਟਬਾਲ ਖਰੀਦਣ ਲਈ ਸਾਇਕਲ ਤੇ ਜਲੰਧਰ ਜਾਇਆ ਕਰਦੇ ਸਨ। ਉਹਨਾ ਦੇ ਸਿਰ ਫੁੱਟਬਾਲ ਦਾ ਐਨਾ ਜ਼ਨੂੰਨ ਸੀ ਕਿ ਉਹ ਖਾਣਾ ਤਾਂ ਭੁੱਲ ਸਕਦੇ ਸਨ ਪਰ ਫੁੱਟਬਾਲ ਖੇਡਣ ਦਾ ਸਮਾਂ ਕਦੇ ਨਾ ਭੁੱਲਦੇ। ਅਜ਼ਾਦੀ ਤੋ ਪਹਿਲਾਂ ਮਾਹਿਲਪੁਰ ਦੇ ਖਾਲਸਾ ਸਕੂਲ ਵਿੱਚ ਅਤੇ ਬਾਅਦ ਵਿੱਚ ਖਾਲਸਾ ਕਾਲਿਜ ਮਾਹਿਲਪੁਰ ਵਿੱਚ ਇਸ ਖੇਡ ਨੂੰ ਪ੍ਰਫੁਲਤ ਕਰਨ ਲਈ ਦਿਨ ਰਾਤ ਇਕ ਕਰ ਦਿੱਤੀ। ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਉਹ ਸਦਾ ਸਵੇਰੇ ਸ਼ਾਂਮ ਗਰਾਂਊਡ ਵਿੱਚ ਖਿਡਾਰੀਆਂ ਨੂੰ ਦੇਖਦੇ ਅਤੇ ਲੋੜ ਅਨੁਸਾਰ ਕੋਚਿੰਗ ਵੀ ਕਰਦੇ। ਖਿਡਾਰੀਆਂ ਦੀ ਸਿਹਤ ਅਤੇ ਸਿੱਖਿਆ ਵਲ ਉਚੇਚਾ ਧਿਆਨ ਦਿੰਦੇ ਤਾਂ ਕਿ ਉਹ ਖੇਡ ਦੇ ਨਾਲ ਨਾਲ ਆਪਣੀ ਮੰਜਿਲ ਵੱਲ ਨੂੰ ਵੀ ਵੱਧਦੇ ਰਹਿਣ।

ਫੁੱਟਬਾਲ ਖੇਡ ਨੂੰ ਲੱਗਭਗ 3000 ਸਾਲ ਪਹਿਲਾਂ ਚੀਨ ਵਿੱਚ ਸ਼ੁਰੂ ਹੋਈ ਮੰਨਿਆਂ ਗਿਆ ਹੈ। ਭਾਰਤ ਵਿੱਚ ਇਹ ਖੇਡ ਅੰਗ੍ਰੇਜ਼ਾਂ ਰਾਹੀ ਪੱਛਮੀ ਬੰਗਾਲ ਵਿੱਚ ਆਈ। ਹੁਸ਼ਿਆਰਪੁਰ ਲਾਗੇ ਫੌਜੀ ਛਾਊਣੀ ਹੋਣ ਕਰਕੇ ਇਸ ਖੇਡ ਦਾ ਪਸਾਰਾ ਮਾਹਿਲਪੁਰ ਇਲਾਕੇ ਦੇ ਫੌਜੀਆਂ ਰਾਹੀ ਹੋਇਆ। ਉਹ ਆਪੋ ਆਪਣੇ ਪਿੰਡਾਂ ਵਿੱਚ ਛੁੱਟੀ ਕੱਟਣ ਆਉਦੇ ਤਾਂ ਇਸ ਖੇਡ ਬਾਰੇ ਮੁੰਡਿਆਂ ਨੂੰ ਸਿਖਲਾਈ ਦਿੰਦੇ। ਦੂਜਾ ਕਾਰਨ ਦੁਆਬੇ ਦੇ ਬਹੁਤੇ ਲੋਕ ਵਿਦੇਸ਼ਾਂ ਵਿੱਚ ਗਏ ਹੋਣ ਕਰਕੇ ਵੀ ਹੈ। ਇਸ ਤਰ੍ਹਾਂ ਇਹ ਖੇਡ ਮਾਹਿਲਪੁਰ ਇਲਾਕੇ ਦੇ ਪਿੰਡਾਂ ਅਤੇ ਸਕੂਲਾਂ ਵਿੱਚ ਬਹੁਤ ਚਾਅ ਨਾਲ ਖੇਡੀ ਜਾਣ ਲੱਗੀ। ਅਜ਼ਾਦੀ ਤੋ ਪਹਿਲਾਂ ਖਾਲਸਾ ਸਕੂਲ ਪਾਲਦੀ , ਬੱਡੋ ,ਬਿੰਜੋ ਅਤੇ ਮਾਹਿਲਪੁਰ ਆਦਿ ਸਕੂਲਾਂ ਦੇ ਅਧਿਆਪਕਾਂ ਅਤੇ ਮੁੱਖੀਆਂ ਨੇ ਫੁੱਟਬਾਲਰ ਪੈਦਾ ਕਰਨ ਵਿੱਚ ਕੋਈ ਕਸਰ ਬਾਕੀ ਨਾ ਛੱਡੀ । ਅੰਮ੍ਰਿਤਸਰ ਦੇ ਦਿਵਾਲੀ ਫੁੱਟਬਾਲ ਟੂਰਨਾਮੈਂਟ ਵਿੱਚ ਮਾਹਿਲਪੁਰ ਦੀ ਟੀਮ ਦੀ ਝੰਡੀ ਹੁੰਦੀ ਸੀ। ਮਾਹਿਲਪੁਰ ਸਕੂਲ ਦੇ ਖੇਡ ਮੈਦਾਨ ਵਿੱਚ 10×12 ਟੀਮਾਂ ਆਪੋ ਆਪਣੀ ਖਿੱਦੋ ਨਾਲ ਵਿਹਲੇ ਸਮੇ ਵਿੱਚ ਖੇਡਦੀਆਂ ਦਿਖਾਈ ਦਿੰਦੀਆਂ ਸਨ। ਉਸ ਜਮਾਨੇ ਦੇ ਖਿਡਾਰੀ ਜਿਥੇ ਸਿਹਤ ਪੱਖੋ ਤਕੜੇ ਸਨ ਉਥੇ ਇਸ ਖੇਡ ਨੂੰ ਵੀ ਸਮਰਪਿਤ ਸਨ।

ਅੱਜ ਕੱਲ੍ਹ ਮਾਹਿਲਪੁਰ ਇਲਾਕੇ ਦੇ ਹਰ ਤੀਸਰੇ ਪਿੰਡ ਵਿੱਚ ਫੁੱਟਬਾਲ ਟੂਰਨਾਮੈਂਟ ਦਾ ਅਯੋਜਨ ਕੀਤਾ ਜਾਂਦਾ ਹੈ। ਇਹ ਪਿਰਤ 1960 ਦੇ ਦਹਾਕੇ ਵਿੱਚ ਉਸ ਸਮੇ ਦੇ ਮਸ਼ਹੂਰ ਫੁੱਟਬਾਲਰਾਂ ਅਤੇ ਫੁੱਟਬਾਲ ਪ੍ਰੇਮੀਆਂ ਮੈਗੋ ਸੀਜ਼ਨ ਫੁੱਟਬਾਲ ਟੂਰਨਾਮੈਂਟ ਨਾਲ ਅਰੰਭ ਹੋਈ ਸੀ। ਇਸ ਇਲਾਕੇ ਵਿੱਚ ਉਸ ਜ਼ਮਾਨੇ ਵਿੱਚ ਫੁੱਟਬਾਲ ਤੋ ਇਲਾਵਾ ਇੱਕੋ ਇੱਕ ਦੂਸਰੀ ਖੇਡ ਰੱਸਾਕਸ਼ੀ ਖੇਡੀ ਜਾਂਦੀ ਸੀ। ਸਾਰੇ ਲੋਕ ਫੁੱਟਬਾਲ ਨੂੰ ਹੀ ਪਿਆਰਦੇ ਤੇ ਸਤਿਕਾਰਦੇ ਸਨ। ਫੁੱਟਬਾਲ ਦੇ ਉਸੇ ਪਿਆਰ ਤੇ ਸਤਿਕਾਰ ਸਦਕਾ ਕਈ ਪਰਵਾਸੀ ਭਾਰਤੀ ਆਪੋ ਆਪਣੇ ਪਿੰਡਾਂ ਵਿੱਚ ਫੁੱਟਬਾਲ ਮੁਕਾਬਲੇ ਕਰਵਾਕੇ ਲੱਖਾਂ ਰੁਪਏ ਦੇ ਨਗਦ ਇਨਾਮ ਦਿੰਦੇ ਹਨ। ਫੁੱਟਬਾਲ ਦੀ ਇਸ ਨਰਸਰੀ ਨੂੰ ਕਾਇਮ ਰੱਖਣ ਵਿੱਚ ਇਲਾਕੇ ਦੇ ਸਕੂਲਾਂ ਅਤੇ ਖਾਲਸਾ ਕਾਲਜ ਮਾਹਿਲਪੁਰ ਦਾ ਵਿਸ਼ੇਸ਼ ਯੋਗਦਾਨ ਹੈ। ਬਲਜਿੰਦਰ ਮਾਨ ਦੁਆਰਾ ਰਚੀ ਪੁਸਤਕ ' ਫੁੱਟਬਾਲ ਜਗਤ ਮਾਹਿਲਪੁਰ' ਵਿੱਚ ਇਸ ਇਲਾਕੇ ਨਾਲ ਸਬੰਧਤ 100 ਤੋ ਵੱਧ ਕੌਮੀ ਅਤੇ ਕੌਮਾਂਤਰੀ ਪੱਧਰ ਤੇ ਸ਼ਾਂਨਦਾਰ ਪ੍ਰਾਪਤੀਆਂ ਕਰਨ ਵਾਲੇ ਫੁੱਟਬਾਲਰਾਂ ਦੇ ਵੇਰਵੇ ਦਰਜ ਹਨ। ਇਸ ਇਲਾਕੇ ਵਿੱਚ ਹੁੰਦੇ ਫੁੱਟਬਾਲ ਮੁਕਾਬਲੇ ਨਵੀ ਪਨੀਰੀ ਦਾ ਫੁੱਟਬਾਲ ਪ੍ਰਤੀ ਉਤਸ਼ਾਹ ਬਣਾਈ ਰੱਖਦੇ ਹਨ।

ਪ੍ਰਿੰ ਹਰਭਜਨ ਸਿੰਘ ਸਪੋਰਟਿੰਗ ਕਲੱਬ ਵਲੋ 1962 ਤੋ ਸਕੂਲਾਂ, ਕਾਲਜਾਂ, ਕਲੱਬਾਂ ਅਤੇ ਲੜਕੀਆਂ ਦੇ ਮੁਕਾਬਲੇ ਨਿਰੰਤਰ ਕਰਵਾਏ ਜਾ ਰਹੇ ਹਨ। ਪਿੰਡ ਨੰਗਲ ਖਿਲਾੜੀਆਂ ਵਿੱਚ ਪਿੱਛਲੇ 30 ਸਾਲਾਂ ਤੋ ਪੰਜਾਬ ਰਾਜ ਪੇਡੂ ਫੁੱਟਬਾਲ ਚੈਪੀਅਨਸ਼ਿੱਪ ਕਰਵਾਈ ਜਾਂਦੀ ਹੈ। ਪਿੱਛਲੇ ਇੱਕ ਦਹਾਕੇ ਤੋ ਦੁਆਬਾ ਸਪੋਰਟਿੰਗ ਕਲੱਬ ਨਵੀ ਪਨੀਰੀ ਤਿਆਰ ਕਰਨ ਲਈ ਦਿਨ ਰਾਤ ਇੱਕ ਕਰ ਰਿਹਾ ਹੈ। ਮਾਹਿਲਪੁਰ ਵਿਖੇ ਸੇਵਨ ਏ ਸਾਈਡ ਫਲੱਡ ਲਈਟ ਟੂਰਨਾਮੈਂਟ ਭਾਰਤ ਵਿੱਚ ਆਪਣੀ ਹੀ ਕਿਸਮ ਦਾ ਟੂਰਨਾਮੈਂਟ ਹੈ। ਇਹਨਾਂ ਮੁਕਾ-ਬਲਿਆਂ ਕਾਰਨ ਇਲਾਕੇ ਦੇ ਖਿਡਾਰੀਆਂ ਦੀ ਖੇਡ ਕਲਾ ਤੇ ਨਿਖਾਰ ਆਉਦਾ ਰਹਿੰਦਾ ਹੈ। ਇਹਨਾਂ ਪ੍ਰਾਪਤੀਆਂ ਨੂੰ ਮੱਦੇ ਨਜ਼ਰ ਰੱਖਦਿਆਂ 1998 ਵਿੱਚ ਇਥੇ ਫੁੱਟਬਾਲ ਅਕਾਦਮੀ ਦੀ ਸਥਾਪਨਾ ਕੀਤੀ ਗਈ ਜਿਸ ਵਿੱਚ 14 , 17 ਅਤੇ 19 ਸਾਲ ਵਰਗ ਦੇ ਵਿਦਿਆਰਥੀਆਂ ਨੂੰ ਆਧੂਨਿਕ ਤਕਨੀਕਾਂ ਨਾਲ ਕੋਚਿੰਗ ਦਿੱਤੀ ਜਾ ਰਹੀ ਹੈ। ਪ੍ਰਿੰ ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਵਲੋ ਇਸੇ ਵਰ੍ਹੇ ਫਰਵਰੀ ਵਿੱਚ ਗੋਲਡਨ ਜੂਬਲੀ ਜਸ਼ਨ ਬੜੇ ਧੂਮ ਧੜੱਕੇ ਨਾਲ ਮਨਾਏ ਗਏ ਹਨ । ਇੱਕ ਸੰਸਥਾ ਵਲੋ 50 ਵਰ੍ਹੇ ਉਹ ਵੀ ਲਗਾਤਾਰ ਵੱਡੇ ਪੱਧਰ ਤੇ ਵੱਡਾ ਟੂਰਨਾਮੈਂਟ ਕਰਵਾਉਣਾ ਬਹੁਤ ਅਹਿਮ ਅਤੇ ਮਾਣ ਵਾਲੀ ਗੱਲ ਹੈ।

ਇਸੇ ਤਰ੍ਹਾਂ ਮਾਹਿਲਪੁਰ ਨਾਲ ਲਗਦੇ ਪਿੰਡ ਲੰ-ਗੇਰੀ ਵਿਖੇ ਪਿੰਡ ਦੇ ਸਰਪੰਚ ਮਨਜੀਤ ਸਿੰਘ ਲਾਲੀ ਦੀ ਅਗਵਾਈ ਵਿੱਚ ਪਿੰਡ ਦੇ ਪਰਵਾਸੀ ਭਾਰਤੀ ਅਤੇ ਫੁੱਟਬਾਲ ਦੇ ਕੌਮਾਂਤਰੀ ਖਿਡਾਰੀ ਕੁਲਵੰਤ ਸਿੰਘ ਸੰਘਾ ਦੀ ਅਗਵਾਈ ਵਿੱਚ ਸ਼ਹੀਦ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਸਪੋਰਟਸ ਕਲੱਬ ਵਲੋ ਲਗਭਗ 33 ਸਾਲ ਤੋ ਲਗਾਤਾਰ ਵੱਡੇ ਪੱਧਰ ਤੇ ਨਗਦ ਇਨਾਮੀ ਫੁੱਟਬਾਲ ਟੂਰਨਾਮੈਂਟ ਕਰਵਾ ਰਿਹਾ ਹੈ। ਮਾਹਿਲਪੁਰ ਹਲਕੇ ਦੇ ਲਗਭਗ ਸਾਰੇ ਪਿੰਡਾਂ ਵਿੱਚ ਫੁੱਟਬਾਲ ਗਰਾਊਡਾਂ, ਕਈਆਂ ਪਿੰਡਾਂ ਵਿੱਚ ਸ਼ਾਂਨਦਾਰ ਫੁੱਟਬਾਲ ਸਟੇਡੀਅਮ, ਫੁੱਟਬਾਲ ਕਲੱਬ, ਵਿੰਗ ਅਤੇ ਅਕਾਦਮੀਆਂ ਬਣੀਆਂ ਹੋਈਆਂ ਹਨ। ਪਿੰਡ ਖੇੜਾ ਵਿਖੇ ਪੰਜਾਬ ਦੇ ਮੁੱਖ ਸੰਸਦੀ ਸਕੱਤਰ ਸੋਹਣ ਸਿੰਘ ਠੰਡਲ ਜੋ ਖੁਦ ਫੁੱਟਬਾਲ ਖੇਡ ਦੇ ਪ੍ਰੇਮੀ ਹਨ ਦੀ ਅਗਵਾਈ ਵਿੱਚ ਪਿੰਡ ਦੇ ਸਰਪੰਚ ਇਕਬਾਲ ਸਿੰਘ ਖੇੜਾ ਦੀ ਅਗਵਾਈ ਵਿੱਚ ਦੁਆਬਾ ਫੁੱਟਬਾਲ ਕਲੱਬ ਵਲੋ ਛੋਟੇ ਬੱਚਿਆਂ ਦੀ ਪਨੀਰੀ ਤਿਆਰ ਕੀਤੀ ਜਾ ਰਹੀ ਹੈ।











ਅੱਜ ਕੱਲ੍ਹ ਭਾਰਤ ਦੇ ਅਹਿਮ ਕਲੱਬਾਂ ਵਿੱਚ ਇਸ ਇਲਾਕੇ 20 ਦੇ ਕਰੀਬ ਖਿਡਾਰੀ ਆਪਣੀ ਖੇਡ ਕਲਾ ਦੇ ਜੌਹਰ ਦਿਖਾ ਰਹੇ ਹਨ। ਪੰਜਾਬ ਦੇ ਤਿੰਨ ਅਰਜਨ ਐਵਾਰਡੀ ਫੁੱਟਬਾਲਰਾਂ ਵਿੱਚ ਜਰਨੈਨ ਸਿੰਘ ਅਤੇ ਗੁਰਦੇਵ ਸਿੰਘ ਗਿੱਲ ਮਾਹਿਲਪੁਰ ਦੀ ਪੈਦਾਇਸ਼ ਹਨ। ਤੀਜਾ ਫੁੱਟਬਾਲਰ ਇੰਦਰ ਸਿੰਘ ਫਗਵਾੜੇ ਦਾ ਹੈ। ਐਨਾ ਕੁੱਝ ਹੋਣ ਦੇ ਬਾਵਜੂਦ ਇਸ ਗੱਲ ਦੀ ਅਜੇ ਤੱਕ ਸਮਝ ਨਹੀ ਆਈ ਕਿ ਪਿੱਛਲੇ 30 35 ਸਾਲਾਂ ਵਿੱਚ ਇਸ ਧਰਤ ਨੇ ਕੋਈ ਅਰਜਨ ਐਵਾਰਡੀ ਫੁੱਟਬਾਲਰ ਕਿਓ ਪੈਦਾ ਨਹੀ ਕੀਤਾ। ਇਲਾਕੇ ਵਲੋ ਇਸ ਨਰਸਰੀ ਨੂੰ ਹਰਿਆ ਭਰਿਆ ਰੱਖਣ ਵਿੱਚ ਕੋਈ ਕਸਰ ਬਾਕੀ ਨਹੀ ਛੱਡੀ ਜਾ ਰਹੀ।

ਪਰ ਸਰਕਾਰ ਦੀਆਂ ਉਸਾਰੂ ਨੀਤੀਆਂ ਦੀ ਕਮੀ ਕਾਰਨ ਭਾਰਤੀ ਫੁੱਟਬਾਲ ਦਾ ਹਾਲ ਅਜੇ ਵੀ ਤਰਸਯੋਗ ਬਣਿਆ ਹੋਇਆ ਹੈ। ਵਿਦੇਸ਼ਾਂ ਵਾਂਗ ਭਾਰਤ ਵਿੱਚ ਵੀ ਫੁੱਟਬਾਲ ਦੀ ਕੋਚਿੰਗ ਦਾ ਪ੍ਰਬੰਧ ਨਰਸਰੀ ਪੱਧਰ ਤੋ ਕੀਤੇ ਜਾਣ ਦੀ ਲੋੜ ਹੈ। ਖੇਡਾਂ ਵਿੱਚੋ ਰਾਜਨੀਤੀ ਦਾ ਖਾਤਮਾਂ ਕਰਕੇ ਹੀ ਚੰਗੇ ਨਤੀਜਿਆਂ ਦੀ ਆਸ ਰੱਖੀ ਜਾ ਸਕਦੀ ਹੈ। ਮਾਹਿਲਪੁਰੀਆਂ ਵਲੋ ਫੁੱਟਬਾਲ ਜਗਤ ਲਈ ਸ਼ਾਨਦਾਰ ਉਪਰਾਲੇ ਜਾਰੀ ਹਨ ਪਰ ਕੌਮੀ ਪੱਧਰ ਤੇ ਖਿਡਾਰੀਆਂ ਦੀ ਸਾਂਭ ਸੰਭਾਲ ਕਰਨ ਲਈ ਬਹੁਤ ਕੁੱਝ ਕਰਨਾ ਬਾਕੀ ਹੈ।

# ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਵੱਲੋਂ ਗੁਰੂ ਨਾਨਕ ਸਤਸੰਗਤ ਆਫ ਕੈਲੀਫੋਰਨੀਆ ਵਿਖੇ ਇਕ ਧਾਰਮਿਕ ਕਵੀ ਦਰਬਾਰ

ਸੈਕਰਾਮੈਂਟੋ, ਕੈਲੀਫੋਰਨੀਆ (ਪ੍ਰਮਿੰਦਰ ਸਿੰਘ ਪ੍ਰਵਾਨਾ)- ਬੀਤੇ ਦਿਨੀਂ ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਵੱਲੋਂ ਹਫਤਾਵਾਰੀ ਧਾਰਮਿਕ ਕਵੀ ਦਰਬਾਰਾਂ ਦੀ ਲੜੀ ਵਿਚ ਇਸ ਵਾਰ ਗੁਰੂ ਨਾਨਕ ਸਤਸੰਗਤ ਆਫ ਕੈਲੀਫੋਰਨੀਆ ਦੇ ਸੈਕਰਾਮੈਂਟੋ ਰਾਜਧਾਨੀ ਵਿਚ ਇਕ ਸਫਲ ਕਵੀ ਦਰਬਾਰ ਸੰਪੰਨ ਹੋਇਆ, ਜਿਸ ਵਿਚ ਸ਼ਾਮਲ ਕਵੀਆਂ ਨੇ ਸਿੱਖ ਇਤਿਹਾਸ ਦੀਆਂ ਭਾਵਪੂਰਕ ਰਚਨਾਵਾਂ ਗੁਰਮਤਿ ਅਨੁਸਾਰ ਪੇਸ਼ ਕੀਤੀਆਂ, ਜਿਵੇਂ ਤਰਸੇਮ ਸਿੰਘ ਸੁਮਨ, ਬੀਬੀ ਗੁਰਦੇਵ ਕੌਰ, ਪ੍ਰੋ. ਸੁਰਜੀਤ ਸਿੰਘ ਨਨੂਆਂ, ਬੀਬੀ ਮਨਜੀਤ ਕੌਰ ਸੇਖੋਂ, ਪ੍ਰਮਿੰਦਰ ਸਿੰਘ ਪ੍ਰਵਾਨਾ, ਜਸਦੀਪ ਸਿੰਘ। ਮੰਚ ਸੰਚਾਲਨ ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਵੱਲੋਂ ਧਾਰਮਿਕ ਟੂਕਾਂ ਨਾਲ ਬਾਖੂਬ ਨਿਭਾਇਆ ਗਿਆ। ਪ੍ਰਬੰਧਕਾਂ ਵੱਲੋਂ ਕਿਹਾ ਗਿਆ ਕਿ ਅਸੀਂ ਦੂਰੋਂ ਚੱਲ ਕੇ ਆਏ ਕਵੀਆਂ ਦੀਆਂ ਰਚਨਾਵਾਂ ਸੁਣ ਕੇ ਬਹੁਤ ਖੁਸ਼ ਹੋਏ ਹਾਂ, ਜਿਹਨਾਂ ਨੇ ਸੰਗਤਾਂ ਨੂੰ ਸਾਰਥਕ ਸੁਨੇਹਾ ਦਿੰਦੇ ਹੋਏ ਨਿਹਾਲ ਕੀਤਾ ਹੈ। ਭਾਵੇਂ ਅਜਿਹੇ ਪ੍ਰੋਗਰਾਮਾਂ ਦੀ ਅਜੇ ਗੁਰਦੁਆਰਿਆਂ ਵਿਚ ਘਾਟ ਹੈ, ਜੋ ਇਹ ਕਵੀਜਨ ਹਫਤਾਵਾਰੀ ਪ੍ਰੋਗਰਾਮਾਂ ਵਿਚ ਪੂਰੀ ਕਰ ਰਹੇ ਹਨ, ਜੋ ਕਿ ਬਹੁਤ ਉਦਮ ਅਤੇ ਹੌਸਲੇ ਵਾਲਾ ਕਾਰਜ ਹੈ। ਇਹ ਆਪਣਾ



ਕੀਮਤੀ ਸਮਾਂ ਕੱਢ ਕੇ ਪੰਥ ਦੀ ਸੇਵਾ ਵਿਚ ਜੁਟ ਗਏ ਹਨ। ਮੁੱਖ ਸੇਵਾਦਾਰ ਭਾਈ ਮਨਜੀਤ ਸਿੰਘ ਸਹਾਇਕ ਬਲਬੀਰ ਸਿੰਘ ਵੱਲੋਂ ਦੱਸਿਆ ਗਿਆ ਕਿ ਇਹ ਗੁਰਦੁਆਰਾ 1997 ਵਿਚ ਸ਼ੁਰੂ ਹੋਇਆ ਹੈ। ਅਕਾਲ ਤਖਤ ਮਰਿਆਦਾ ਪ੍ਰਵਾਨਿਤ ਹੈ। ਨਿਤਨੇਮ, ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ, ਹਫਤਾਵਾਰੀ ਪ੍ਰੋਗਰਾਮ ਦੀਵਾਨ ਬੁੱਧਵਾਰ ਅਤੇ ਐਤਵਾਰ ਸਜਾਏ ਜਾਂਦੇ ਹਨ। ਸੰਗਤਾਂ ਨੂੰ ਨਾਮ ਸਿਮਰਨ ਨਾਲ ਜੋੜਿਆ ਜਾਂਦਾ ਹੈ। ਸ਼ਨਿਚਰਵਾਰ 4 ਵਜੇ ਸੁਖਮਨੀ ਸਾਹਿਬ ਦੇ ਪਾਠ ਹੁੰਦੇ ਹਨ। ਲੰਗਰ ਹਮੇਸ਼ਾ ਖੁੱਲ੍ਹਾ ਰਹਿੰਦਾ ਹੈ। ਗੁਰਮਤਿ ਸਕੂਲ ਵੀ ਚੱਲ ਰਿਹਾ ਹੈ, ਜਿਸ ਵਿਚ ਲੱਗਭੱਗ 40 ਬੱਚੇ ਦਾਖਲ ਹੋਏ ਹਨ। ਇਕ ਛੋਟੇ ਜਿਹੇ ਘਰ ਤੋਂ ਬਾਅਦ ਵਧੇਰੇ ਜ਼ਮੀਨ ਖਰੀਦ ਕੇ ਗੁਰਦੁਆਰਾ ਸਥਾਪਤ ਹੋਇਆ ਹੈ, ਜਿਸ ਦਾ ਵਿਸਥਾਰ ਜਾਰੀ ਹੈ। ਆਉਂਦੇ ਸਮੇਂ ਵਿਚ ਕਵੀਜਨਾਂ ਨੂੰ ਵਧੇਰੇ ਸਮਾਂ ਦੇ ਕੇ ਬੁਲਾਇਆ ਜਾਵੇਗਾ। ਗੁਰਦੁਆਰਿਆਂ ਵਿਚ ਹਫਤਾਵਾਰੀ ਧਾਰਮਿਕ ਕਵੀ ਦਰਬਾਰ ਕਰਵਾਉਣ ਲਈ ਸੰਪਰਕ (408) 661-3707 ਜਾਂ (510) 415-9317, ਹਫਤਾਵਾਰੀ ਜਾਂ ਹੋਰ ਧਾਰਮਿਕ ਪ੍ਰੋਗਰਾਮ ਕਰਵਾਉਣ ਦੀ ਸਫਲ ਵਿਵਸਥਾ ਹੈ।

## ਯੂਥ ਅਕਾਲੀ ਦਲ ਦੀ 13 ਜੁਲਾਈ ਵਾਲੀ ਮੀਟਿੰਗ ਦੀ ਮਨਤਾਰ ਬਰਾੜ ਕਰਨਗੇ ਪ੍ਰਧਾਨਗੀ

### ਯੂਥ ਤੋਂ ਇਲਾਵਾ ਸੀਨੀਅਰ ਅਕਾਲੀ ਆਗੂ ਵੀ ਕਰਨਗੇ ਹੁੰਮ ਹੁਮਾ ਕੇ ਸ਼ਿਰਕਤ

ਫਰਿਜ਼ਨੋ (ਬਿਉਰੋ): ਪਿਛਲੇ ਦਿਨੀ ਅਮਰੀਕਾ ਫੇਰੀ 'ਤੇ ਆਏ ਪੰਜਾਬ ਸਰਕਾਰ ਦੇ ਮੁੱਖ ਪਾਰਲੀਮਾਨੀ ਸਕੱਤਰ ਸ.ਮਨਤਾਰ ਬਰਾੜ ਅਤੇ ਪੇਂਡੂ ਵਿਕਾਸ ਮੰਤਰੀ ਸ. ਸੁਰਜੀਤ ਸਿੰਘ ਰੱਖੜਾ ਦਾ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਵਲੋਂ ਜਗ੍ਹਾ ਜਗ੍ਹਾ ਨਿੱਘਾ ਸਵਾਗਤ ਕੀਤਾ ਜਾ ਰਿਹਾ ਹੈ।ਇਸੇ ਕੜੀ ਵਿੱਚ ਯੂਥ ਅਕਾਲੀ ਦਲ ਕੈਲੀਫੋਰਨੀਆ ਵਲੋਂ 13 ਮਈ ਦਿਨ ਸ਼ਨੀਵਾਰ ਨੂੰ ਇੱਕ ਭਰਵੀਂ ਮੀਟਿੰਗ ਫਰਿਜ਼ਨੋ ਵਿੱਚ ਰੱਖੀ ਜਾਵੇਗੀ।ਜਿਸ ਦੀ ਪ੍ਰਧਾਨਗੀ ਮੁੱਖ ਪਾਰਲੀਮਾਨੀ ਸਕੱਤਰ ਸ. ਮਨਤਾਰ ਬਰਾੜ ਕਰਨਗੇ।ਇਹ ਜਾਣਕਾਰੀ ਸ਼੍ਰੋਮਣੀ ਅਕਾਲੀ ਦਲ ਯੂਥ ਕੈਲੀਫੋਰਨੀਆ ਦੇ ਪ੍ਰਧਾਨ ਸ. ਹਰਪ੍ਰੀਤ ਸਿੰਘ ਸਿੱਧੂ ਅਤੇ ਸੀਨੀਅਰ ਮੀਤ ਪ੍ਰਧਾਨ ਸ਼੍ਰੀ ਵਿਨੇ ਵੋਹਰਾ ਨੇ ਸਾਂਝੇ ਤੌਰ 'ਤੇ ਦਿੱਤੀ।ਸ਼੍ਰੀ ਸਿੱਧੂ ਅਤੇ ਸ਼੍ਰੀ ਵੋਹਰਾ ਨੇ ਦੱਸਿਆ ਕਿ ਸ. ਸੁਰਜੀਤ ਸਿੰਘ ਰੱਖੜਾ ਕਿਸੇ ਹੋਰ ਪਾਸੇ ਜ਼ਰੂਰੀ ਰੁਝੇਂ-ਵਆਂ ਕਾਰਨ ਇਸ ਮੀਟਿੰਗ ਵਿੱਚ ਸ਼ਾਮਲ ਨਹੀਂ ਹੋ ਸਕਣਗੇ।ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਮੁੱਖ ਬੁਲਾਰੇ ਇੰਜ. ਸਤਪਾਲ ਬਰਾੜ ਇਸ ਮੀਟਿੰਗ ਵਿੱਚ ਹਿੱਸਾ ਲੈਣ ਲਈ ਵਿਸ਼ੇਸ਼ ਤੌਰ ਈਸਟ ਕੋਰਸ ਤੋਂ ਆਉਣਗੇ। ਇਸ ਮੀਟਿੰਗ ਵਿੱਚ ਸ. ਮਨਤਾਰ ਬਰਾੜ ਦਾ ਸਨਮਾਨ ਕੀਤਾ ਜਾਵੇਗਾ।ਇਸ ਮੌਕੇ 'ਤੇ ਸ. ਮਨਤਾਰ ਬਰਾੜ ਪ੍ਰਵਾਸੀ ਪੰਜਾਬੀਆਂ ਨੂੰ ਮਿਲ ਕੇ ਆ ਰਹੀਆਂ ਮੁਸ਼ਕਲਾਂ ਬਾਰੇ ਵੀ ਗੱਲਬਾਤ ਕਰਨਗੇ ਅਤੇ ਸੀਨੀਅਰ ਆਗੂਆਂ ਅਤੇ ਯੂਥ ਦੇ ਆਗੂਆਂ ਨਾਲ ਅਮਰੀਕਾ ਵਿੱਚ ਚਲ ਰਹੀ ਰਾਜਨੀਤੀ ਬਾਰੇ ਵਿਚਾਰ ਵਟਾਂਦਰਾ ਵੀ ਕਰਨਗੇ।ਸ਼੍ਰੋਮਣੀ ਅਕਾਲੀ ਦਲ ਯੂਥ ਕੈਲੀਫੋਰਨੀਆ ਦੇ ਪ੍ਰਧਾਨ ਸ. ਹਰਪ੍ਰੀਤ ਸਿੱਧੂ ਨੇ ਇਸ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਅਮਰੀਕਾ ਵਿੱਚ ਵੱਸਦੇ ਸਮੂਹ ਯੂਥ ਅਕਾਲੀ ਦਲ ਦੇ ਵਰਕਰਾਂ ਅਤੇ ਅਹੁਦੇਦਾਰਾਂ ਨੂੰ ਅਤੇ ਸਮੂਹ ਸੀਨੀਅਰ ਅਕਾਲੀ ਦੇ ਵਰਕਰਾਂ ਓਤੇ ਅਹੁਦੇਦਾਰਾਂ ਨੂੰ ਖੁੱਲਾ ਸੱਦਾ ਦਿੱਤਾ ਹੈ ਅਤੇ ਕਿਹਾ ਹੈ ਕਿ ਸਾਰੇ ਜਾਣੇ ਰਲ ਕੇ ਇੱਕਠੇ ਹੋ ਕੇ ਇਸ ਮੀਟਿੰਗ ਵੱਧ ਤੋਂ ਵੱਧ ਸ਼ਮੂਲੀਅਤ ਕਰਕੇ ਸ. ਮਨਤਾਰ ਬਰਾੜ ਦਾ ਸਵਾਗਤ ਕਰੀਏ। ਮੀਟਿੰਗ ਸਬੰਧੀ ਕਿਸੇ ਵੀ ਹੋਰ ਜਾਣਕਾਰੀ ਲਈ ਸ਼੍ਰੀ ਹਰਪ੍ਰੀਤ ਸਿੱਧੂ ਨੂੰ ਫੋਨ ਨੰ. 407-666-6651 ਅਤੇ ਸ਼੍ਰੀ ਵਿਨੇ ਵੋਹਰਾ ਨੂੰ ਫੋਨ ਨੰ. 559-213-0462 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸ. ਸੁਰਜੀਤ ਸਿੰਘ ਰੱਖੜਾ ਅਤੇ ਸ. ਮਨਤਾਰ ਸਿੰਘ ਬਰਾੜ ਦਾ ਅਮਰੀਕਾ ਪੁੱਜਣ 'ਤੇ ਭਰਵਾਂ ਸਵਾਗਤ



*ਸ. ਸੁਰਜੀਤ ਸਿੰਘ ਰੱਖੜਾ ਅਤੇ ਸ. ਮਨਤਾਰ ਸਿੰਘ ਬਰਾੜ ਦਾ ਅਮਰੀਕਾ ਪੁੱਜਣ 'ਤੇ ਭਰਵਾਂ ਸਵਾਗਤ ਕਰਦੇ ਹੋਏ ਸ਼੍ਰੋਮਣੀ ਅਕਾਲੀ ਦ ਅਮਰੀਕਾ ਦੇ ਮੁੱਖ ਬੁਲਾਰੇ ਸ਼੍ਰੀ ਸਤਪਾਲ ਬਰਾੜ, ਯੂਥ ਅਕਾਲੀ ਦਲ ਕੈਲੀਫੋਰਨੀਆ ਦੇ ਪ੍ਰਧਾਨ ਸ਼੍ਰੀ ਹਰਪ੍ਰਤਿ ਸਿੱਧੂ,ਸੀਨੀਅਰ ਮੀਤ ਪ੍ਰਧਾਨ ਸ਼੍ਰੀ ਵਿਨੇ ਵੋਹਰਾ ਅਤੇ ਹੋਰ ਮੈਂਬਰ*

ਕੈਲੀਫੋਰਨੀਆ (ਬਿਊਰੋ): ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਸ. ਸੁਰਜੀਤ ਸਿੰਘ ਰੱਖੜਾ ਅਤੇ ਮੁੱਖ ਪਾਰਲੀਮਾਨੀ ਸਕੱਤਰ ਸ. ਮਨਤਾਰ ਸਿੰਘ ਬਰਾੜ ਦਾ ਅਮਰੀਕਾ ਪੁੱਜਣ 'ਤੇ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਅਤੇ ਸ਼੍ਰੋਮਣੀ ਅਕਾਲੀ ਦਲ ਯੂਥ ਕੈਲੀਫੋਰਨੀਆ ਵਲੋਂ ਮਿਸ਼ੀਗਨ ਸਟੇਟ ਵਿੱਚ ਭਰਵਾਂ ਸਵਾਗਤ ਕੀਤਾ ਗਿਆ।ਇਸ ਮੌਕੇ 'ਤੇ ਸ. ਰੱਖੜਾ ਅਤੇ ਸ. ਬਰਾੜ ਨੇ ਕਿਹਾ ਕਿ ਉਹ ਅਤੇ ਪੰਜਾਬ ਸਰਕਾਰ ਪ੍ਰਵਾਸੀ ਪੰਜਾਬੀਆਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੀ ਹੈ ਅਤੇ ਪ੍ਰਵਾਸੀ ਪੰਜਾਬੀਆਂ ਦੀ ਹਰ ਮੁਸ਼ਕਲ ਦੇ ਹੱਲ ਲਈ ਵਚਨਬੰਦ ਹੈ। ਉਹਨਾਂ ਕਿਹਾ ਕਿ ਉਹ ਆਪਣੀ ਨਿੱਜੀ ਅਮਰੀਕਾ ਫੇਰੀ ਦੌਰਾਨ ਵੱਧ ਤੋਂ ਵੱਧ ਪੰਜਾਬੀਆਂ ਨਾਲ ਮਿਲਣ ਦੀ ਕੋਸ਼ਿਸ਼ ਕਰਨਗੇ ਅਤੇ ਇੱਥੇ ਚਲ ਰਹੀ ਰਾਜਨੀਤੀ ਬਾਰੇ ਵੀ ਵਿਚਾਰ ਵਟਾਂਦਰਾ ਕਰਨਗੇ। ਸ. ਰੱਖੜਾ ਅਤੇ ਸ. ਮਨਤਾਰ ਬਰਾੜ ਨੂੰ ਜੀ ਆਇਆ ਨੂੰ ਕਹਿਣ ਵਿੱਚ ਸ਼ਰੋਮਣੀ ਅਕਾਲੀ ਦਲ ਅਮਰੀਕਾ ਦੇ ਚੇਅਰਮੈਨ ਸ਼੍ਰੀ ਹੈਰੀ ਗਿੱਲ, ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਮੁੱਖ ਬੁਲਾਰੇ ਸ਼੍ਰੀ ਸਤਪਾਲ ਬਰਾੜ,ਯੂਥ ਅਕਾਲੀ ਦਲ ਕੈਲੀਫੋਰਨੀਆ ਦੇ ਪ੍ਰਧਾਨ ਸ਼੍ਰੀ ਹਰਪ੍ਰੀਤ ਸਿੱਧੂ, ਸੀਨੀਅਰ ਮੀਤ ਪ੍ਰਧਾਨ ਸ਼੍ਰੀ ਵਿਨੇ ਵੋਹਰਾ, ਸ਼੍ਰੀ ਅਵਤਾਰ ਗਿੱਲ, ਸ਼੍ਰੀ ਵਿਕਰਮ ਵੋਹਰਾ ਅਤੇ ਹੋਰ ਸੈਂਕੜੇ ਸ਼੍ਰੋਮਣੀ ਅਕਾਲੀ ਦਲ ਦੇ ਅਹੁਦੇਦਾਰ ਅਤੇ ਵਰਕਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

## ਫੀਸ ਨਾ ਭੇਜਣ ਤੇ ਵਿਦਿਆਰਥੀਆਂ ਦਾ ਭਵਿੱਖ ਲਟਕਿਆ

ਕਨੌਜ- ਬੀ. ਐਡ. ਵਿਦਿਆਰਥੀਆਂ ਦੀ ਸਮਾਜ ਕਲਿਆਣ ਦੁਆਰਾ ਫੀਸ ਭਰੇ ਜਾਣ ਲਈ ਰਾਸ਼ੀ ਨਾ ਭੇਜੇ ਜਾਣ ਤੇ ਕਾਲਜ ਪ੍ਰਸ਼ਾਸਨ ਨੇ ਪ੍ਰੀਖਿਆ ਵਿਚ ਉਹਨਾਂ ਵਿਦਿਆਰਥੀਆਂ ਨੂੰ ਨਾ ਬਿਠਾਉਣ ਦੀ ਧਮਕੀ ਦਿੱਤੀ ਹੈ। ਇਸ ਤੋਂ ਪ੍ਰੇਸ਼ਾਨ ਵਿਦਿਆਰਥੀਆਂ ਨੇ ਜ਼ਿਲ੍ਹਾ ਅਧਿਕਾਰੀ ਕੋਲ ਬੇਨਤੀ ਕੀਤੀ ਹੈ। ਛਿਬਰਾਮਊ ਦੇ ਰਾਮਪੁਰ ਵੈਜੂ ਸਥਿਤ ਬਾਬੂ ਸਿੰਘ ਕਾਲਜ ਵਿਚ ਅਨੁਸੂਚਿਤ ਵਰਗ ਦੇ ਵਿਦਿਆਰਥੀਆਂ ਨੇ ਬਿਨਾਂ ਫੀਸ ਤੇ ਦਾਖਲਾ ਲਿਆ ਸੀ। ਸਮਾਜ ਕਲਿਆਣ ਵਿਭਾਗ ਦੁਆਰਾ ਇਹਨਾਂ ਦੀ ਫੀਸ ਦੇ ਰੂਪ ਵਿਚ ਰਾਸ਼ੀ ਭੇਜੀ ਜਾਣੀ ਸੀ, ਜੋ ਕਾਲਜ ਪ੍ਰਸ਼ਾਸਨ ਨੂੰ ਮਿਲਣੀ ਸੀ।

ਵਿਭਾਗ ਦੁਆਰਾ ਫੀਸ ਨਾ ਭੇਜੇ ਜਾਣ ਕਾਰਨ ਕਾਲਜ ਪ੍ਰਸ਼ਾਸਨ ਨੇ ਬੀ. ਐਡ ਵਿਦਿਆਰਥੀਆਂ ਨੂੰ ਪ੍ਰੀਖਿਆ ਵਿਚ ਬੈਠਣ ਤੋਂ ਰੋਕ ਦਿੱਤਾ। ਇਸ ਤੋਂ ਪ੍ਰੇਸ਼ਾਨ ਵਿਦਿਆਰਥੀ ਇੱਧਰ ਉਧਰ ਘੁੰਮ ਰਹੇ ਹਨ।

## ਅਧਿਆਪਕਾਂ ਦੇ ਨਾਂ ਸੀਨੀਅਰ ਲਿਸਟ ਵਿਚ ਜੋੜਨ ਦੀ ਮੰਗ

ਕਾਨ੍ਹਪੁਰ- ਉਤਰ ਪ੍ਰਦੇਸ਼ ਅਨੁਸੂਚਿਤ ਜਾਤੀ ਅਤੇ ਜਨਜਾਤੀ ਬੇਸਿਕ ਸਿੱਖਿਆ ਕਲਿਆਣ ਕਮੇਟੀ ਦੇ ਅਹੁਦੇਦਾਰਾਂ ਨੂੰ ਸੌਂਪੀ ਗਈ ਲਿਸਟ ਵਿਚ ਮਾਰੇ ਗਏ ਅਧਿਆਪਕਾਂ ਦੇ ਪਰਿਵਾਰਾਂ ਵਿਚੋਂ 24 ਅਧਿਆਪਕਾਂ ਦੇ ਨਾਂ ਸੀਨੀਅਰ ਲਿਸਟ ਵਿਚ ਜੋੜਨ ਦੀ ਮੰਗ ਕੀਤੀ ਹੈ। ਕਮੇਟੀ ਦੇ ਪ੍ਰਧਾਨ ਰਾਮਚੰਦਰ ਕਨੌਜੀਆ, ਜ਼ਿਲ੍ਹਾ ਮੰਤਰੀ ਰਾਮ ਗੌਤਮ ਅਤੇ ਖਜਾਨਚੀ ਅਨਿਰੁਦ ਕੁਮਾਰ ਨਿਰਾਲਾ ਨੇ ਬੀ. ਐਸ. ਏ. ਨੂੰ ਸੌਂਪੇ ਮੈਮੋਰੰਡਮ ਵਿਚ ਲਿਖਿਆ ਕਿ ਅਧਿਆਪਕਾਂ ਦੀ ਸੀਨੀਅਰਤਾ ਲਿਸਟ ਵਿਚ 24 ਅਧਿਆਪਕਾਂ ਦਾ ਨਾਂ ਲੜੀਵਾਰ ਨਹੀਂ ਹੈ। ਇਸ ਦੇ ਕਾਰਨ ਤਰੱਕੀਆਂ ਵਿਚ ਯੋਗ ਅਧਿਆਪਕਾਂ ਨੂੰ ਨੁਕਸਾਨ ਹੋਵੇਗਾ। ਇਸ ਵਿਚ ਇਹਨਾਂ ਵਿਦਿਆਰਥੀਆਂ ਦੇ ਨਾਲ ਵਿਤਕਰਾ ਕੀਤਾ ਗਿਆ ਹੈ। ਸਰਕਾਰੀ ਆਦੇਸ਼ ਦੇ ਬਾਵਜੂਦ ਅਧਿਆਪਕਾਂ ਨੂੰ ਸੂਚੀ ਵਿਚ ਸ਼ਾਮਲ ਨਹੀਂ ਕੀਤਾ ਗਿਆ।

## ਯੂਥ ਅਕਾਲੀ ਦਲ ਦੀ 13 ਜੁਲਾਈ ਵਾਲੀ ਮੀਟਿੰਗ ਦੀ ਮਨਤਾਰ ਬਰਾੜ ਕਰਨਗੇ ਪ੍ਰਧਾਨਗੀ

ਸੁਰ ਸੰਗਮ ਵਿਦਿਅਕ ਟਰੱਸਟ ਮਾਹਿਲਪੁਰ ਵਲੋਂ ਪਿਛਲੇ 18 ਸਾਲਾਂ ਤੋਂ ਪ੍ਰਕਾਸ਼ਿਤ ਕੀਤੇ ਜਾ ਰਹੇ ਬਾਲ ਰਸਾਲੇ ਨਿੱਕੀਆਂ ਕਰੂੰਬਲਾਂ ਦਾ 100ਵਾਂ ਅੰਕ ਬਾਲ ਲੇਖਕ ਵਿਸ਼ੇਸ਼ ਅੰਕ ਹੋਵੇਗਾ।ਇਹ ਫੈਸਲਾ ਪ੍ਰੋ ਬਲਦੇਵ ਸਿੰਘ ਬੱਲੀ ਦੀ ਪ੍ਰਧਾਨਗੀ ਹੇਠ ਟਰੱਸਟ ਦੀ ਹੋਈ ਇਕ ਮੀਟਿੰਗ ਵਿਚ ਕੀਤਾ ਗਿਆ।ਪ੍ਰੋ ਬੱਲੀ ਨੇ ਕਿਹਾ ਕਿ ਪੂਰੇ ਪੰਜਾਬ ਅਤੇ ਚੰਡੀਗੜ ਵਿਚੋਂ ਬੱਚਿਆਂ ਲਈ ਛਪਣ ਵਾਲਾ ਨਿੱਜੀ ਖੇਤਰ ਦਾ ਇਹ ਇਕੋ ਇਕ ਬਾਲ ਰਸਾਲਾ ਹੈ ।ਜੋ ਸਤਾਰਾਂ ਸਾਲਾਂ ਤੋਂ ਨਿਰੰਤਰ ਛਪ ਰਿਹਾ ਹੈ। ਇਸਦੇ ਪਾਠਕ ਪੰਜਾਬ ਵਿਚ ਹੀ ਨਹੀਂ ਸਗੋਂ ਵਿਦੇਸ਼ਾਂ ਵਿਚ ਵੀ ਹਨ। ਰਸਾਲੇ ਦੇ ਸੰਪਾਦਕ ਬਲਜਿੰਦਰ ਮਾਨ ਨੇ ਕਿਹਾ ਕਿ ਬਾਲ ਰਸਾਲੇ ਦਾ ਪ੍ਰਕਾਸ਼ਨ ਕਰਨਾ ਘਰ ਫੂਕ ਤਮਾਸ਼ਾ ਦੇਖਣ ਵਾਲੀ ਗੱਲ।ਸਰਕਾਰੀ ਸਰਪ੍ਰੱਸਤੀ ਨਾ ਹੋਣ ਕਰਕੇ ਇਸ ਖੇਤਰ ਵੱਲ ਕੋਈ ਹੋਰ ਮੂੰਹ ਨਹੀਂ ਕਰ ਰਿਹਾ। ਸਾਡੀ ਕੋਸ਼ਿਸ਼ ਹੈ ਕਿ ਨਰੋਏ ਬਾਲ ਸਾਹਿਤ ਨਾਲ ਚੰਗੇ ਨਾਗਰਿਕ ਪੈਦਾ ਕੀਤੇ ਜਾਣ। 100 ਵੇਂ ਅੰਕ ਵਿਚ ਬਾਲ ਲਿਖਾਰੀਆਂ ਦੀਆਂ ਕਵਿਤਾਵਾਂ, ਕਹਾਣੀਆਂ, ਲੇਖ, ਚਿੱਤਰ ਅਤੇ ਹੋਰ ਵੰਨਗੀਆਂ ਸ਼ਾਮਿਲ ਕੀਤੀਆਂ ਜਾਣਗੀਆਂ। ਉਹ ਆਪਣੀਆ ਰਚਨਾਵਾਂ ਸਕੂਲ ਮੁਖੀ ਤੋਂ ਤਸਦੀਕ ਕਰਵਾ ਕੇ 25 ਜੁਲਾਈ 2013 ਤਕ ਸੰਪਾਦਕ ਨੂੰ ਮਾਹਿਲਪੁਰ (ਹਸ਼ਿਆਰਪੁਰ) ਪੰਜਾਬ ਦੇ ਪਤੇ ਤੇ ਭੇਜ ਸਕਦੇ ਹਨ। ਇਸ ਮੀਟਿੰਗ ਵਿਚ ਹੋਰਨਾ ਤੋਂ ਇਲਾਵਾ ਬੱਗਾ ਸਿੰਘ ਆਰਟਿਸਟ, ਕੁਲਵਿੰਦਰ ਕੌਰ ਰੂਹਾਨੀ, ਸਰਵਣ ਰਾਮ ਭਾਟੀਆਂ,ਤਨਵੀਰ ਮਾਨ ਅਸ਼ੋਕ ਪੁਰੀ, ਗੁਰਦੇਵ ਸਿੰਘ, ਕੁਲਦੀਪ ਕੌਰ ਬੈਂਸ ਅਤੇ ਮਨਦੀਪਕ ਬਿੱਲਾ ਸ਼ਾਦਿ ਹਾਜ਼ਰ ਸਨ।

## ਮਿਉਂਸਪਲ ਕਾਰਪੋਰੇਸ਼ਨ ਵਿੱਚ ਫ਼ੈਲੇ ਕਥਿਤ ਭ੍ਰਿਸ਼ਟਾਚਾਰ ਵਿਰੁੱਧ ਰੋਸ ਧਰਨਾ 16 ਜੁਲਾਈ ਨੂੰ

### ਰਾਜਸੀ ਆੜ ਅਧੀਨ ਬੇਲਗਾਮ ਹੋਏ ਨਗਰ ਨਿਗਮ ਅਧਿਕਾਰੀਆਂ ਨੇ ਕੀਤਾ ਸ਼ਹਿਰ ਦਾ ਬੇੜਾ ਗਰਕ-ਪੁਰਖਾਲਵੀ

ਮੁਹਾਲੀ- ਸਥਾਨਕ ਨਗਰ ਨਿਗਮ ਵਿੱਚ ਫੈਲੇ ਕਥਿਤ ਭ੍ਰਿਸ਼ਟਾਚਾਰ ਅਤੇ ਅਫ਼ਸਰਸ਼ਾਹੀ ਦੀਆਂ ਆਪਹੁਦਰੀਆਂ ਦੇ ਵਿਰੋਧ ਵਿੱਚ ਸਮਾਜ ਸੇਵੀ ਜਥੇਬੰਦੀ ਦਲਿਤ ਚੇਤਨਾ ਮੰਚ ਪੰਜਾਬ ਨੇ ਸੰਘਰਸ਼ ਦਾ ਐਲਾਨ ਕੀਤਾ ਹੈ ਜਿਸ ਦੀ ਸ਼ੁਰੂਆਤ 16 ਜੁਲਾਈ ਨੂੰ ਸਵੇਰੇ 10 ਵਜੇ ਮਿਉਂਸਪਲ ਭਵਨ ਸੈਕਟਰ 68 ਵਿਖੇ ਇੱਕ ਰੋਸ ਧਰਨਾ ਮਾਰ ਕੇ ਕੀਤੀ ਜਾਵੇਗੀ। ਇਹ ਐਲਾਨ ਅੱਜ ਇੱਥੇ ਜਥੇਬੰਦੀ ਦੇ ਸੂਬਾਈ ਪ੍ਰਧਾਨ ਸ਼ਮਸ਼ੇਰ ਪੁਰਖਾਲਵੀ ਵੱਲੋਂ ਮੀਡੀਆਂ ਨੂੰ ਜਾਰੀ ਇੱਕ ਬਿਆਨ ਰਾਹੀਂ ਕੀਤਾ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਮੰਚ ਦੇ ਪ੍ਰਧਾਨ ਸ਼ਮਸ਼ੇਰ ਪੁਰਖਾਲਵੀ ਨੇ ਕਿਹਾ ਕਿ ਲੋਕ ਨੁਮਾਇੰਦਿਆਂ ਦੀ ਅਣਹੋਂਦ ਕਾਰਨ ਰਾਜਸੀ ਸਰਪ੍ਰਸਤੀ ਅਧੀਨ ਨਗਰ ਨਿਗਮ ਦੀ ਬੇਲਗਾਮ ਹੋਈ ਅਫ਼ਸਰਸ਼ਾਹੀ ਨੇ ਆਪਣੀ ਬੁਨਿਆਦੀ ਜ਼ਿੰਮੇਵਾਰੀ ਨਾਲ ਖਿਲਵਾੜ ਕਰਦਿਆਂ ਨਿੱਜੀ ਹਿੱਤ ਪੂਰਦਿਆਂ ਆਪਣੀਆਂ ਜੇਬਾਂ ਨੂੰ ਹੀ ਭਰਿਆ ਹੈ, ਜਿਸ ਨਾਲ ਜਿੱਥੇ ਸ਼ਹਿਰ ਦਾ ਜਨਾਜ਼ਾ ਨਿਕਲ ਰਿਹਾ ਹੈ ਉਥੇ ਨਿਗਮ ਨਾਲ ਜੁੜੀਆਂ ਕਿਰਤ ਤੇ ਉਸਾਰੀ ਸਭਾਵਾਂ ਗੁਰਬਤ ਵਿੱਚ ਵਕਤ ਕਟੀ ਲਈ ਮਜਬੂਰ ਹੋ ਰਹੀਆਂ ਹਨ ਜਿਨ੍ਹਾਂ ਵਿੱਚ ਨਿਗਮ ਪ੍ਰਸ਼ਾਸ਼ਨ ਵਿਰੁੱਧ ਭਾਰੀ ਗੁੱਸੇ ਦੀ ਲਹਿਰ ਪਾਈ ਜਾ ਰਹੀ ਹੈ।



ਉਨ੍ਹਾਂ ਕਿਹਾ ਕਿ ਸਿਆਸੀ ਆੜ ਦੇ ਨਸ਼ੇ ਵਿੱਚ ਅਧਿਕਾਰੀ ਇੰਨੇ ਹੌਸਲਾਪ੍ਰਸਤ ਹਨ ਕਿ ਉਹ ਕਿਸੇ ਵੀ ਕਾਨੂੰਨ ਅਤੇ ਨਿਯਮ ਨੂੰ ਆਪਣੀ ਜੇਬ ਵਿੱਚ ਪਾਕੇ ਘੁੰਮ ਰਹੇ ਹਨ ਜਿਸ ਕਾਰਨ ਸਾਬਕਾ ਕੌਂਸਲਰ ਵੀ ਨਿਗਮ ਅਧਿਕਾਰੀਆਂ ਦੀਆਂ ਆਪਹੁਦਰੀਆਂ ਤੋਂ ਦੁਖੀ ਹਨ।






Mikasa HOMES & FUNDING
8900 Bramblewood Way
Elk Grove, CA 95758
Cell: (916) 698-3808
Fax: (916) 725-5812
Email: rnchander@comcast.net Web: www.mikasafunding.com
Rakesh Chander, MSEE, PE
MIKASA HOMES & FUNDING
DRE Lic.: 01866732

# ਗੁਰੂ ਰਵਿਦਾਸ: ਬਾਣੀ ਅਨੁਸਾਰ ਉਨ੍ਹਾਂ ਦਾ ਗੁਰੂ

ਪ੍ਰੋ. ਲਾਲ ਸਿੰਘ

ਪਿਛਲੀ ਸਾਰੀ ਚਰਚਾ ਤੋਂ ਇਹ ਸਪਸ਼ਟ ਰੂਪ ਵਿਚ ਸਿੱਧ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਦਾ ਕੋਈ ਵੀ ਦੇਹਧਾਰੀ ਗੁਰੂ ਨਹੀਂ ਸੀ। ਫਿਰ ਗੁਰੂ ਰਵਿਦਾਸ ਜੀ ਦਾ ਗੁਰੂ ਕੌਣ ਸੀ? ਇਸ ਪ੍ਰਸ਼ਨ ਦਾ ਉਤਰ ਅਸੀਂ ਉਹਨਾਂ ਦੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਵਿਚੋਂ ਖੋਜਾਂਗੇ।

ਕੁਝ ਕੁ ਵਿਦਵਾਨਾਂ ਨੇ ਗੁਰੂ ਰਵਿਦਾਸ ਜੀ ਦੇ ਗੁਰੂ ਦੀ ਖੋਜ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਅਨੁਸਾਰ ਕੀਤੀ ਹੈ।

ਡਾ. ਜਸਬੀਰ ਸਿੰਘ ਸਾਬਰ ਲਿਖਦੇ ਹਨ,

"ਉਪਰੋਕਤ ਸਾਰੀ ਵਿਚਾਰ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਵਾਮੀ ਰਾਮਾ ਨੰਦ ਭਗਤ ਰਵਿਦਾਸ ਜੀ ਦੇ ਗੁਰੂ ਨਹੀਂ ਸਨ। ਉਨ੍ਹਾਂ ਦੇ ਗੁਰੂ ਪਾਰ ਬ੍ਰਹਮ ਪਰਮੇਸ਼ਵਰ ਸੀ;
ਮੋਹਿ ਆਧਾਰੁ ਨਾਮੁ ਨਾਰਾਇਣ
ਜੀਵਨ ਪ੍ਰਾਨ ਧਨ ਮੋਰੇ।। (ਗੁ: ਗ੍ਰੰ 974)"

ਗੁਰੂ ਗ੍ਰੰਥ ਸਾਹਿਬ ਦੇ ਉਪਰੋਕਤ ਬੰਦ ਦਾ ਅਰਥ ਗੁਰੂ ਰਵਿਦਾਸ ਦਾ ਆਸਰਾ ਪ੍ਰਭ ਦੇ ਨਾਮ ਦਾ ਸਿਮਰਨ ਹੀ ਹੈ। ਇਹ ਸਿਮਰਨ ਮੇਰੇ ਪ੍ਰਾਨ ਹਨ ਅਤੇ ਨਾਮ ਰੂਪੀ ਧਨ ਹੀ ਮੇਰੀ ਸਮੁੱਚੀ ਸੰਪਤੀ ਹੈ। ਇਨ੍ਹਾਂ ਅਰਥਾਂ ਤੋਂ ਇਹ ਭਾਵ ਨਹੀਂ ਨਿਕਲਦਾ ਕਿ ਪਾਰਬ੍ਰਹਮ ਹੀ ਗੁਰੂ ਰਵਿਦਾਸ ਦੇ ਗੁਰੂ ਹਨ ਕਿਉਂਕਿ ਇੱਥੇ ਨਾ ਤਾਂ ਗੁਰੂ ਜੀ ਆਤਮਕ ਅਗਵਾਈ ਲਈ ਅਰਜੋਈ ਕਰਦੇ ਹਨ ਅਤੇ ਨਾ ਹੀ ਪ੍ਰਭ ਅਗਵਾਈ ਕਰ ਰਹੇ ਹਨ। ਇਸ ਲਈ ਇਸ ਬੰਦ ਨੂੰ ਆਧਾਰ ਬਣਾ ਕੇ ਗੁਰੂ ਰਵਿਦਾਸ ਜੀ ਦਾ ਗੁਰੂ ਪਾਰਬ੍ਰਹਮ ਨੂੰ ਨਹੀਂ ਮੰਨਿਆ ਜਾ ਸਕਦਾ।

ਡਾ: ਕ੍ਰਿਸ਼ਨਾ ਕਲਸੀਆ ਨੇ ਆਪਣੇ ਥੀਸਸ ਵਿਚ ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਜੀ ਦਾ ਗੁਰੂ ਮੰਨ ਕੇ ਜਿਹੜੀ ਭੁੱਲ ਕੀਤੀ ਸੀ, ਉਸ ਨੂੰ 1994 ਵਿਚ ਛਪੀ ਆਪਣੀ ਪੁਸਤਕ ਵਿਚ ਬੜੀ ਹਿੰਮਤ ਨਾਲ ਸੁਧਾਰਿਆ ਹੈ। ਉਹ ਲਿਖਦੇ ਹਨ:

- ਤੀਸਰਾ ਡਾ: ਬੀ. ਪੀ. ਸ਼ਰਮਾ ਨੇ ਗੁਰੂ ਰਵਿਦਾਸ ਬਾਣੀ ਦੀ ਖੋਜ ਲਈ ਪਹਿਲ ਜ਼ਰੂਰ ਕੀਤੀ ਹੈ, ਚਾਰ ਪੁਸਤਕਾਂ ਵੀ ਲਿਖੀਆਂ ਹਨ ਪ੍ਰੰਤੂ ਇਸ ਵਿਚ ਉਹਨਾਂ ਦਾ ਸ਼੍ਰੇਣੀ ਅਭਿਮਾਨ ਵੀ ਪ੍ਰਗਟ ਹੋਣ ਤੋਂ ਨਹੀਂ ਰਹਿ ਸਕਿਆ। ਉਨ੍ਹਾਂ ਨੇ ਹੱਥ ਲਿਖਤਾਂ ਤੋਂ ਬਾਣੀ ਸੰਕਲਿਤ ਕਰਦਿਆਂ ਕੁਝ ਕੁ ਤੁਕਾਂ ਵਿਚ ਪਰਿਵਰਤਨ ਕਰ ਦਿੱਤਾ ਹੈ। ਇਹ ਪਰਿਵਰਤਨ ਕੇਵਲ ਸ੍ਰੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਜੀ ਦਾ ਗੁਰੂ ਸਾਬਤ ਕਰਨ ਲਈ ਅੰਕਿਤ ਕੀਤਾ ਗਿਆ ਹੈ। ਜੇਕਰ ਵੀਹਵੀਂ ਸਦੀ ਦੇ ਅੰਤ ਵਿਚ ਇੱਕੀਵੀਂ ਸਦੀ ਦੇ ਦਰ ਤੇ ਖੜ੍ਹੇ ਵੀ ਜਾਤਿ ਪਾਤਿ ਤੇ ਆਧਾਰਿਤ ਅਜਿਹਾ ਵਰਤਾਓ ਗੁਰੂ ਰਵਿਦਾਸ ਵਰਗੇ ਮਹਾਨ ਸੰਤ ਜਾਂ ਉਹਨਾਂ ਦੀ ਬਾਣੀ ਨਾਲ ਹੋਵੇ ਤਾਂ ਸਧਾਰਨ ਪ੍ਰਾਣੀ ਦੇ ਹਿੱਸੇ ਕੀ ਨਿਆਂ ਆ ਸਕਦਾ ਹੈ? ਨਿਮਨ ਲਿਖਤ ਅਜਿਹੇ ਸ਼ਬਦ ਹਨ ਜਿਹਨਾਂ ਵਿਚ ਵਾਧਾ ਤੇ ਤਬਦੀਲੀ ਆਦਿ ਕੀਤੀ ਗਈ ਹੈ:-

-ਅਮਰ ਭਯ ਹਮ ਕਾਹੇ ਕੂ ਮਹਿ ਹੈ।। ਟੇਕ।।
....................
ਪਾਤਰਿ ਨਾਵ ਖੇਵਦਿਆ ਗੁਰ ਰਾਮਾ
ਨਾਮ ਲੇਤਿ ਹੀ ਤਰਿ ਹੈ।
ਅਹੋ ਦੇਵ ਤੇਰੋ ਅਮਿਤ ਮਹਿਮਾ, ਮਹਾਦੇਵ;
.................
ਤ੍ਰਾਹਿ ਤ੍ਰਾਹਿ ਗੁਰੂ ਰਾਮਾ ਅਲੰਬਨ ਮੋਰੇ।।
ਮਨ ਰੇ! ਚਲਿ ਚਟਸਾਰ ਪਢਾਊ।।
...........
ਰੰਰ ਰਾਮ ਮੋਹਿ ਗੁਰੂ ਰਾਮਾ ਦੀਨੋ-
ਮਾਯਾ ਮੋਹਿਲ ਕੂਨਾਂ ਮੈ ਜਨ
ਸੰਸਾਰ ਪ੍ਰਪੰਚ ਹੌਂ ਵਯਾਕੁਲ ਰਾਮਾ ਨੰਦਾ
-ਰੰ ਪਾਯੋ ਰੰ ਰਾਮ ਅਮੀ ਰਸ-

ਇਹ ਸਾਡੀ ਉਪਰਲੀ ਚਰਚਾ ਦੀ ਹੀ ਤਰ-ਜਮਾਨੀ ਹੈ। ਫਿਰ ਅੱਗੇ ਚੱਲ ਕੇ ਡਾ. ਸਾਹਿਬਾ ਲਿਖਦੇ ਹਨ:

"ਜੇਕਰ ਗੁਰੂ ਜੀ ਨੂੰ ਸ੍ਰੀ ਰਾਮ ਨੰਦ ਗੁਰੂ ਰੂਪ ਵਿਚ ਪ੍ਰਾਪਤ ਹੋਏ ਹੁੰਦੇ ਤਾਂ ਉਹਨਾਂ ਦੀ ਬਾਣੀ ਵਿਚ ਅਜਿਹੇ ਨਿਮਨ ਲਿਖਤ ਸ਼ਬਦ ਜਾਂ ਵਿਚਾਰ ਨਾ ਉਪਲਬੱਧ ਹੁੰਦੇ:-
- ਪਾਰ ਕੈਸੇ ਪਾਇਬੋ ਰੇ।।
ਮੋ ਸਉ ਕੋਊ ਨ ਕਹੈ ਸਮਝਾਇ।।
ਜਾ ਤੇ ਆਵਾਗਵਨੁ ਬਿਲਾਇ।। ਰਹਾਉ।।
- ਨਾਥ ਕਛੂਅ ਨ ਜਾਨਉ।।
ਮਨ ਮਾਇਆ ਕੈ ਹਾਥਿ ਬਿਕਾਨਉ।। ਰਹਾਉ।।
ਤੁਮ ਕਹੀਅਤ ਹੋ ਜਗਤ ਗੁਰ ਸੁਆਮੀ।।
........
ਕਹਿ ਰਵਿਦਾਸ ਕਹਾ ਕੈਸੇ ਕੀਜੈ।।
ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ।।
- ਮਾਧੋ ਸਤਿਗੁਰੂ ਜਗ ਚੇਲਾ।।

ਸੋ ਡਾ: ਕਲਸੀਆ ਨੇ ਤਰਕ ਸੰਗਤ ਦਲੀਲਾਂ ਨਾਲ ਸਪਸ਼ਟ ਕੀਤਾ ਹੈ ਕਿ ਗੁਰੂ ਰਵਿਦਾਸ ਜੀ ਦਾ ਗੁਰੂ ਸੁਆਮੀ ਰਾਮ ਨੰਦ ਨਹੀਂ ਹੈ।

ਅਖੀਰ ਵਿਚ ਉਹ ਲਿਖਦੇ ਹਨ:

"ਹੁਣ ਤੱਕ ਕੀਤੀ ਚਰਚਾ ਉਪਰੰਤ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਸ੍ਰੀ ਰਾਮਾ ਨੰਦ ਰਵਿਦਾਸ ਜੀ ਦੇ ਗੁਰੂ ਨਹੀਂ ਸਨ। ਉਨ੍ਹਾਂ ਦੀ ਪ੍ਰਮਾਣਿਕ ਬਾਣੀ ਵਿਚ ਰਾਮਾ ਨੰਦ ਸਬੰਧੀ ਵਰਣਣ ਨਹੀਂ ਆਉਂਦਾ। ਦੂਸਰਾ, ਜਾਣ ਬੁੱਝ ਕੇ ਰਾਮਾ ਨੰਦ ਸ਼ਬਦ ਬਾਣੀ ਵਿਚ ਜਮ੍ਹਾਂ ਕਰਨਾ ਵੀ ਇਸ ਗੱਲ ਦਾ ਸੰਕੇਤ ਕਰਦਾ ਹੈ ਕਿ ਡਾ: ਬੀ. ਪੀ. ਸ਼ਰਮਾ ਵਰਗੇ ਵਿਦਵਾਨਾਂ ਨੂੰ ਹੋਰ ਸੱਚੇ ਸੁੱਚੇ ਸਾਹਿਤ ਵਿਚ ਇਸ ਦਾ ਵਰਣਨ ਨਹੀਂ ਮਿਲਿਆ। ਪਰਮਾਤਮਾ ਹੀ ਸਤਿਗੁਰੂ ਹੈ ਤੇ ਸਾਰਾ ਜਗਤ ਉਸ ਦਾ ਚੇਲਾ ਹੈ, ਕਿਉਂਕਿ ਉਹ ਸਰਵ ਸ਼ਕਤੀਮਾਨ ਦੀ ਨਜ਼ਰ ਵਿਚ ਦਵੈਤ ਨਹੀਂ। ਮਾਧੋ ਸਤਿਗੁਰੂ ਸਭ ਜਗ ਚੇਲਾ।।

ਡਾ: ਸਾਹਿਬਾ ਨੇ ਸਪਸ਼ਟ ਰੂਪ ਵਿਚ ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਜੀ ਦਾ ਗੁਰੂ ਮੰਨਣ ਤੋਂ ਤਾਂ ਇਨਕਾਰ ਕਰ ਦਿੱਤਾ ਹੈ। ਪਰ ਗੁਰੂ ਜੀ ਦਾ ਦਰਅਸਲ ਗੁਰੂ ਕੌਣ ਹੈ, ਇਸ ਬਾਰੇ ਉਹਨਾਂ ਨੇ ਸਪਸ਼ਟ ਨਹੀਂ ਕੀਤਾ। ਉਹਨਾਂ ਨੇ ਇਹ ਗੱਲ ਜ਼ਰੂਰ ਕਹੀ ਹੈ ਕਿ ਪਰਮਾਤਮਾ ਜਗਤ ਦਾ ਗੁਰੂ ਹੈ ਅਤੇ ਸਾਰਾ ਜੱਗ ਉਸ ਦਾ ਚੇਲਾ। ਪਰ ਇਸ ਨਾਲ ਇਹ ਸਿੱਧ ਨਹੀਂ ਹੁੰਦਾ ਕਿ ਗੁਰੂ ਰਵਿਦਾਸ ਦਾ ਗੁਰੂ ਪਰਮਾਤਮਾ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਸਮੇਤ ਗੁਰੂ ਰਵਿਦਾਸ ਦੇ ਸਾਰੀ ਸ੍ਰਿਸ਼ਟੀ ਦੇ ਜੀਵਾਂ ਦਾ ਗੁਰੂ ਪਰਮਾਤਮਾ ਹੈ। ਸੋ ਗੁਰੂ ਰਵਿਦਾਸ ਜੀ ਦੇ ਗੁਰੂ ਦੀ ਸਮੱਸਿਆ ਹੱਲ ਨਹੀਂ ਹੋਈ।


ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਡਾ: ਸਾਹਿਬਾ ਨੇ ਬੜੀ ਮਿਹਨਤ ਅਤੇ ਦਲੇਰੀ ਨਾਲ ਉਪਰੋਕਤ ਚਰਚਾ ਕੀਤੀ ਹੈ। ਪਰ ਡਾ: ਧਰਮ ਪਾਲ ਸਿੰਗਲ ਦੀ ਸੰਪਾਦਿਤ ਕੀਤੀ ਪੁਸਤਕ "ਬਾਣੀ ਸ੍ਰੀ ਗੁਰੂ ਰਵਿਦਾਸ ਜੀ" 1986, ਜਿਸ ਵਿਚ ਉਹ ਸਾਰੇ ਸ਼ਬਦ ਸ਼ਾਮਲ ਹਨ, ਜਿਹੜੇ ਡਾ: ਬੀ. ਪੀ. ਸ਼ਰਮਾ ਦੀ ਪੁਸਤਕ ਵਿਚ ਹਨ, ਨੂੰ ਕਿਉਂ ਅੱਖੋਂ ਓਹਲੇ ਕਰ ਦਿੱਤਾ ਹੈ। ਡਾ: ਬੀ. ਪੀ. ਸ਼ਰਮਾ ਨੇ ਕੇਵਲ ਸ਼ਬਦਾਂ ਵਿਚ ਮਿਲਾਵਟ ਹੀ ਕੀਤੀ ਹੈ, ਪਰ ਸੁਆਮੀ ਰਾਮਾ ਨੰਦ ਨੂੰ ਗੁਰੂ ਸਿੱਧ ਕਰਨ ਲਈ ਇਹਨਾਂ ਮਿਲਾਵਟ ਕੀਤੇ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ। ਡਾ: ਸਿੰਗਲ ਨੇ ਮਿਲਾਵਟ ਵਾਲੇ ਸ਼ਬਦ ਆਪਣੀ ਪੁਸਤਕ ਵਿਚ ਸ਼ਾਮਲ ਕਰਕੇ ਉਹਨਾਂ ਦੀ ਭਰਪੂਰ ਕੁਵਰਤੋਂ ਕੀਤੀ ਅਤੇ ਆਪ ਜੀ ਵਰਗੇ ਵਿਦਵਾਨਾਂ ਤੋਂ ਕਰਵਾਈ ਹੈ। ਦੂਜੇ ਇਹ ਪੁਸਤਕ ਚੇਅਰ ਦੇ ਨਾਮ ਤੇ ਛਾਪ ਕੇ ਡਾ: ਸਿੰਗਲ ਨੇ ਯੂਨੀਵਰਸਿਟੀ ਅਤੇ ਪੰਜਾਬ ਸਰਕਾਰ ਵੱਲੋਂ ਵੀ ਪ੍ਰਮਾਣਿਤ ਸਿੱਧ ਕਰਵਾ ਦਿੱਤੀ ਹੈ। ਇਸ ਲਈ ਡਾ. ਧਰਮ ਪਾਲ ਸਿੰਗਲ ਦੀ ਕਾਰਗੁਜ਼ਾਰੀ, ਡਾ. ਬੀ. ਪੀ. ਸ਼ਰਮਾ ਨਾਲੋਂ ਵਧੇਰੇ ਖ਼ਤਰਨਾਕ ਹੈ। ਫਿਰ ਵੀ ਡਾ. ਕ੍ਰਿਸ਼ਨਾ ਕਲਸੀਆ ਨੇ ਡਾ: ਸਿੰਗਲ ਤੇ ਕਿੰਤੂ ਨਹੀਂ ਕੀਤਾ। ਇਸ ਦਾ ਕਾਰਨ ਡਾ: ਸਾਹਿਬਾ ਹੀ ਜਾਣ ਸਕਦੇ ਹਨ।

ਡਾ: ਕੁਲਵੰਤ ਕੌਰ ਵੀ ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਜੀ ਦਾ ਗੁਰੂ ਨਹੀਂ ਮੰਨਦੇ। ਉਹ ਲਿਖਦੇ ਹਨ:-

"ਕਈ ਹਵਾਲਿਆਂ ਤੋਂ ਇਹ ਵੀ ਸਪਸ਼ਟ ਹੋ ਜਾਂਦਾ ਹੈ ਕਿ ਉਹਨਾਂ ਦਾ ਇਹ ਗੁਰੂ ਸੰਕਲਪ ਕਿਸੇ ਦੇਹਧਾਰੀ ਗੁਰੂ ਵਾਲਾ ਨਾ ਹੋ ਕੇ ਬ੍ਰਹਮ-ਸਰੂਪ ਗੁਰੂ ਵਾਲਾ ਹੈ। ਉਦਾਹਰਣ ਲਈ:
- ਬਿਨ ਦੇਖੇ ਉਪਜੈ ਨਹੀਂ ਆਸਾ
ਪਾਰਸ ਪਰਸੈ ਦੁਬਿਧਾ ਨਾ ਹੋਈ।। (1167)
- ਕਹਿ ਰਵਿਦਾਸ ਕਹਾ ਕੈਸੇ ਕੀਜੈ।।
ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ।। (710)
- ਮੋਹਿ ਆਧਾਰ ਨਾਮੁ ਨਾਰਾਇਣ
ਜੀਵਨ ਪ੍ਰਾਣ ਧਨ ਮੋਰੇ।। (974)
- ਨਗਰ ਜਨਾ ਮੇਰੀ ਜਾਤਿ ਬਿਖਿਅਤ ਚੰਮਾਰੰ।।
ਰਿਦੈ ਰਾਮ ਗੋਬਿੰਦ ਗੁਨ ਸਾਰੰ।। (1293)
- ਮਿਲਤ ਪਿਆਰੋ ਪ੍ਰਾਨ ਨਾਥ ਕਵਨ ਭਗਤਿ ਤੇ
ਸਾਧ ਸੰਗਤਿ ਪਾਈ ਪਰਮਗਤੇ।। (1293)

ਫਿਰ ਉਹ ਆਪਣਾ ਨਿਰਣਾ ਦਿੰਦੇ ਹਨ:

ਸਮੁੱਚੀ ਰਵਿਦਾਸ ਬਾਣੀ ਵਿਚ ਨਾਮ ਸਿਮਰਨ ਭਜਨ ਅਤੇ ਬੰਦਗੀ ਦੀ ਮਹੱਤਤਾ ਦੇਖਦਿਆਂ ਅਤੇ ਭਾਵ ਭਗਤੀ ਦੀ ਸ਼੍ਰੇਸ਼ਠਤਾ ਵਾਚਦਿਆਂ ਕਿਹਾ ਜਾ ਸਕਦਾ ਹੈ ਕਿ ਉਹ ਕੇਵਲ ਸ਼ਬਦ ਗੁਰੂ ਨੂੰ ਆਪਣਾ ਗੁਰੂ ਪ੍ਰਵਾਨਦੇ ਸਨ।

ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਉਹ "ਸ਼ਬਦ" ਕਿਸ ਨੇ ਲਿਖੇ ਸਨ, ਜਿਹੜੇ ਸ਼ਬਦ ਨੂੰ ਗੁਰੂ ਧਾਰਨ ਕੀਤਾ। ਜੇ ਸ਼ਬਦ ਦਾ ਅਰਥ ਬ੍ਰਹਮ ਤੋਂ ਹੈ ਤਾਂ ਕੀ ਬ੍ਰਹਮ ਦਾ ਸ਼ਬਦ ਗੁਰ ਰਵਿਦਾਸ ਨੇ ਆਪ ਸੁਣਿਆ ਸੀ? ਜੇ ਉਹਨਾਂ ਨੇ ਇਹ ਬ੍ਰਹਮ ਸ਼ਬਦ ਆਪ ਹੀ ਸੁਣਿਆ ਸੀ ਤਾਂ ਸ਼ਬਦ ਗੁਰੂ ਦੀ ਥਾਂ ਬ੍ਰਹਮ-ਗੁਰੂ ਕਹਿਣਾ ਵਧੇਰੇ ਉਚਿਤ ਹੈ। ਫਿਰ ਪ੍ਰਸ਼ਨ ਉਠਦਾ ਹੈ ਕਿ ਗੁਰੂ ਰਵਿਦਾਸ ਜੀ ਦਾ ਉਹ ਕਿਹੜਾ ਸ਼ਬਦ ਹੈ, ਜਿਹੜਾ ਇਸ ਤੱਥ ਦੀ ਗਵਾਹੀ ਦਿੰਦਾ ਹੈ। ਡਾ: ਕੁਲਵੰਤ ਕੌਰ ਨੇ ਸ਼ਬਦ ਗੁਰੂ ਦੇ ਹੱਕ ਵਿਚ ਕਿਸੇ ਸ਼ਬਦ ਨੂੰ ਸਬੂਤ ਵਜੋਂ ਪੇਸ਼ ਨਹੀਂ ਕੀਤਾ। ਇਹ ਨਿਰਣਾ ਉਹਨਾਂ ਦੇ ਬਾਣੀ ਦਾ ਅਧਿਐਨ ਕਰਨ ਤੋਂ ਬਣੇ ਪ੍ਰਭਾਵ ਦੇ ਫਲਸਰੂਪ ਹੈ, ਕਿਸੇ ਖਾਸ ਸ਼ਬਦ ਦੀ ਟੇਕ ਦੇ ਆਧਾਰ ਤੇ ਇਹ ਨਿਰਣਾ ਨਹੀਂ ਟਿਕਿਆ ਹੋਇਆ- ਇਹ ਉਪਰੋਕਤ ਵਾਰਤਕ ਟੁਕੜੀ ਤੋਂ ਸਪਸ਼ਟ ਹੁੰਦਾ ਹੈ। ਸੋ ਡਾ: ਕੁਲਵੰਤ ਕੌਰ ਭਾਵੇਂ ਸਪਸ਼ਟ ਤੌਰ ਤੇ ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਦਾ ਗੁਰੂ ਨਹੀਂ ਮੰਨਦੇ, ਪਰ ਉਹ ਗੁਰੂ ਰਵਿਦਾਸ ਜੀ ਦੇ ਗੁਰੂ ਬਾਰੇ ਦੱਸਣ ਵਿਚ ਅਸਫਲ ਰਹੇ ਹਨ।

ਸ੍ਰੀ ਕਰਮ ਸਿੰਘ ਰਾਜੂ, ਗੁਰੂ ਰਵਿਦਾਸ ਬਾਰੇ ਚਰਚਾ ਕਰਦੇ ਹੋਏ ਆਪਣੇ 'ਕਿਤਾਬਚੇ ਗੁਰੂ ਰਵਿਦਾਸ-ਜੀਵਨ ਅਤੇ ਦਰਸ਼ਨ' ਦੇ 'ਅਧਿਆਏ- 2 ਰਵਿਦਾਸ ਦੇ ਗੁਰੂ' ਵਿਚ ਦਰਜ 'ਰਵਿਦਾਸ ਜੀ ਦੇ ਗੁਰੂ ਪਰਮੇਸ਼ਵਰ' ਸਿਰਲੇਖ ਹੇਠ ਲਿਖਦੇ ਹਨ:-

"ਉਪਰੋਕਤ ਚਰਚਾ ਤੋਂ ਸਿੱਧ ਹੁੰਦਾ ਹੈ ਕਿ ਰਵਿਦਾਸ ਜੀ ਦੇ ਕੋਈ ਦੇਹਧਾਰੀ ਗੁਰੂ ਨਹੀਂ ਸਨ। ਪ੍ਰੰਤੂ ਉਹ ਗੁਰੂ ਤੋਂ ਬਿਨਾਂ ਵੀ ਨਹੀਂ ਸਨ। ਫਿਰ ਉਹਨਾਂ ਦੇ ਗੁਰੂ ਕੌਣ ਸਨ। ਇਸ ਮਹਾਨ ਪ੍ਰਸ਼ਨ ਦਾ ਉੱਤਰ ਰਵਿਦਾਸ ਜੀ ਆਪ ਦਿੰਦੇ ਹਨ:

(ੳ) ਉਪਜਿਓ ਗਿਆਨ ਹੂਆ ਪਰਗਾਸ
ਕਰਿ ਕਿਰਪਾ ਲੀਨੇ ਕੀਟ ਦਾਸ।।
ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ
ਜਪਿ ਮੁਕੰਦ ਸੇਵਾ ਤਾਹੂ ਕੀ।।
(ਗੁਰੂ ਗ੍ਰੰਥ ਸਾਹਿਬ ਪੰਨਾ 875)
(ਅ) ਕਹੁ ਰਵਿਦਾਸ ਸਭੈ ਨਹੀਂ ਸਮਝਸਿ
ਭੂਲਿ ਪਰੇ ਜੈਸੇ ਬਉਰੇ।।
ਮੋਹਿ ਆਧਾਰੁ ਨਾਮੁ ਨਾਰਾਇਨ
ਜੀਵਨ ਪ੍ਰਾਨ ਧਨ ਮੋਰੇ।।
(ਪੰਨਾ 974)

ਇਨ੍ਹਾਂ ਸ਼ਬਦਾਂ ਤੋਂ ਸਪਸ਼ਟ ਹੈ ਕਿ ਰਵਿਦਾਸ ਜੀ ਪ੍ਰਭੂ, ਨਾਰਾਇਣ ਨੂੰ ਆਪਣਾ ਗੁਰੂ ਮੰਨਦੇ ਹਨ। ਪ੍ਰੰਪਰਾ ਅਨੁਸਾਰ ਰਾਮਾ ਨੰਦ ਜੀ ਕੋਲੋਂ ਰਵਿਦਾਸ ਜੀ ਦੀ ਗੁਰ ਦੀਖਿਆ ਲੈਣ ਬਾਰੇ ਦੋ ਸਾਖੀਆਂ ਪ੍ਰਸਿੱਧ ਹਨ ਪ੍ਰੰਤੂ ਦੋਵੇਂ ਸਾਖੀਆਂ ਠੀਕ ਨਹੀਂ।

ਦੂਜੇ ਨੰਬਰ ਤੇ ਆਏ ਸ਼ਬਦ ਉਪਰ ਅਸੀਂ ਡਾ: ਸਾਬਰ ਦੁਆਰਾ ਦਿੱਤੇ ਇਸ ਸ਼ਬਦ ਉਪਰ ਚਰਚਾ ਕਰਕੇ ਸਪਸ਼ਟ ਕਰ ਆਏ ਹਾਂ ਕਿ ਇਸ ਤੋਂ ਇਹ ਸਾਬਤ ਨਹੀਂ ਹੁੰਦਾ ਕਿ ਪਰਮਾਤਮਾ ਗੁਰੂ ਰਵਿਦਾਸ ਜੀ ਦਾ ਗੁਰੂ ਹੈ। ਰਾਜੂ ਸਾਹਿਬ ਦੀ ਉਪਰੋਕਤ ਪਹਿਲੀ ਗਵਾਹੀ ਵਿਚ ਵੀ ਗੁਰੂ ਰਵਿਦਾਸ ਜੀ ਦੇ ਗੁਰੂ ਦਾ ਕੋਈ ਸੰਕੇਤ ਨਹੀਂ ਮਿਲਦਾ। ਕਾਰਨ: ਸਮੁੱਚੇ ਸ਼ਬਦ ਵਿਚ ਗੁਰੂ ਜੀ ਪਾਰਬ੍ਰਹਮ ਦੀ ਵਿਸ਼ਵ ਵਿਆਪਕਤਾ ਦਾ ਉਲੇਖ ਕਰਦੇ ਫ਼ਰਮਾਉਂਦੇ ਹਨ ਕਿ ਪ੍ਰਭ ਦੀ ਮਿਹਰ ਕਾਰਨ ਮੈਨੂੰ ਪਰਮ ਪਦ ਦੀ ਪ੍ਰਾਪਤੀ ਹੋ ਗਈ ਹੈ, ਮੇਰੀ ਸਾਰੀ ਤ੍ਰਿਸ਼ਨਾ ਮਿਟ ਗਈ ਹੈ। ਹੁਣ ਮੈਂ ਸਦਾ ਉਸੇ ਮੁਕੰਦ ਦੀ ਸੇਵਾ ਵਿਚ ਤਤਪਰ ਹਾਂ। ਪਰ ਰਾਜੂ ਸਾਹਿਬ ਨੇ ਇਹ ਨਹੀਂ ਦੱਸਿਆ ਕਿ ਪ੍ਰਭੂ ਪ੍ਰਾਪਤੀ ਕਿਹੜੇ ਗੁਰੂ ਦੀ ਅਗਵਾਈ ਕਾਰਨ ਹੋਈ ਅਤੇ ਨਾ ਹੀ ਇਸ ਸ਼ਬਦ ਵਿਚ ਅਜਿਹਾ ਸੰਕੇਤ ਮਿਲਦਾ ਹੈ। ਗੁਰੂ ਜੀ ਇਸ ਸ਼ਬਦ ਵਿਚ ਨਾ ਤਾਂ ਪ੍ਰਭ ਦੀ ਸ਼ਰਣ ਵਿਚ ਜਾਂਦੇ ਹਨ ਨਾ ਹੀ ਪ੍ਰਭੂ ਅਗਵਾਈ ਦੇ ਰਹੇ ਹਨ ਅਤੇ ਨਾ ਹੀ ਅਜਿਹੀ ਸਮੱਸਿਆ ਦਾ ਵਰਣਨ ਕਰ ਰਹੇ ਹਨ। ਇਸ ਕਰਕੇ ਇਸ ਸ਼ਬਦ ਦੇ ਆਧਾਰ ਤੋਂ ਗੁਰੂ ਰਵਿਦਾਸ ਦਾ ਗੁਰੂ ਪਾਰਬ੍ਰਹਮ ਸਿੱਧ ਨਹੀਂ ਹੁੰਦਾ।

ਉਪਰੋਕਤ ਚਰਚਾ ਤੋਂ ਸਪਸ਼ਟ ਹੁੰਦਾ ਹੈ ਕਿ ਵਿਦਵਾਨਾਂ ਨੇ ਗੁਰੂ ਰਵਿਦਾਸ ਜੀ ਦੀ ਬਾਣੀ ਵਿਚੋਂ 'ਗੁਰੂ' ਲੱਭਣ ਦਾ ਯਤਨ ਕੀਤਾ ਹੈ, ਪਰ ਗਵਾਹੀ ਦੀ ਘਾਟ ਕਾਰਨ ਉਹਨਾਂ ਦੀ ਕੋਸ਼ਿਸ਼ ਸਫਲ ਨਹੀਂ ਹੋ ਸਕੀ। ਹੁਣ ਅਸੀਂ ਉਨ੍ਹਾਂ ਦੀ ਬਾਣੀ ਵਿਚੋਂ 'ਗੁਰੂ' ਲੱਭਾਂਗੇ।

ਗੁਰੂ ਰਵਿਦਾਸ ਜੀ ਦੀ ਬਾਣੀ ਦੇ ਅਧਿਐਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸ਼ਬਦਾਂ ਦੀ ਤਰਤੀਬ ਆਤਮਕ ਵਿਕਾਸ ਅਨੁਸਾਰ ਦਿੱਤੀ ਗਈ ਹੈ। ਇਸ ਦਾ ਅਰਥ ਇਹ ਹੈ ਕਿ ਰਾਗਾਂ ਦੀ ਤਰਤੀਬ ਵੀ ਆਤਮਕ ਕਿਆਸ ਅਨੁਸਾਰ ਸਿਰਜੀ ਗਈ ਹੈ। ਦੂਜੇ ਅਰਥਾਂ ਵਿਚ ਵਿਚਾਰ ਵਿਧਾਨ ਦੀ ਵਿਉਂਤ ਵੀ ਆਤਮਕ ਵਿਕਾਸ ਅਨੁਸਾਰ ਵਿਉਂਤੀ ਗਈ ਹੈ। ਹੈਰਾਨੀ ਵਾਲੀ ਗੱਲ ਹੈ ਕਿ ਬ੍ਰਹਮ ਗੁਰੂ ਬਾਰੇ ਵਿਚਾਰ ਵੀ ਆਤਮਕ ਵਿਕਾਸ ਅਨੁਸਾਰ ਹੀ ਸਿਰਜਿਆ ਗਿਆ ਹੈ। ਸੋ ਗੁਰੂ ਰਵਿਦਾਸ ਜੀ ਬਾਣੀ ਦੀ ਸਿਰਜਣਾ ਦੇ ਨਾਲ ਨਾਲ ਬ੍ਰਹਮਾ ਗੁਰੂ ਬਾਰੇ ਵਿਚਾਰ ਸਿਰਜਣਾ ਵੀ, ਪੂਰਨ ਤੌਰ ਤੇ ਸੁਚੇਤ ਹੋ ਕੇ ਸਿਰਜ ਰਹੇ ਹਨ। ਭਾਵ ਉਹ ਆਪਣੇ ਗੁਰੂ ਬਾਰੇ ਸਿਰਜਣਾ ਵੀ ਜਾਣ ਬੁੱਝ ਕੇ ਸਿਰਜ ਰਹੇ ਹਨ, ਕਿਉਂਕਿ ਬ੍ਰਹਮ ਗੁਰੂ ਹੀ ਉਹਨਾਂ ਦੇ ਗੁਰੂ ਹਨ। ਸੋ ਇਹ ਤਰਤੀਬ ਗੁਰੂ ਰਵਿਦਾਸ ਜੀ ਦੇ 'ਗੁਰੂ' ਦਾ ਸਹੀ ਤੇ ਸਾਰਥਕ ਨਿਰਣਾ ਕਰਨ ਵਿਚ ਵੀ ਸਫਲ ਹੈ।

ਪਹਿਲੇ ਛੇ ਸ਼ਬਦਾਂ ਵਿਚ ਗੁਰੂ ਰਵਿਦਾਸ ਜੀ ਗੁਰੂ ਦੀ ਭਾਲ ਵਿਚ ਹਨ, ਜਿਹੜਾ ਉਹਨਾਂ ਨੂੰ ਪ੍ਰਭ ਨਾਲ ਮਿਲਾ ਦੇਵੇ। ਪਰ ਅਜਿਹਾ ਗੁਰੂ ਲੱਭ ਨਹੀਂ ਰਿਹਾ। ਇਸ ਦਾ ਅਰਥ ਹੈ ਕਿ ਸੁਆਮੀ ਰਾਮਾ ਨੰਦ ਸਮੇਤ ਕੋਈ ਵੀ ਵਿਅਕਤੀ ਪ੍ਰਭ ਨੂੰ ਮਿਲਾਉਣ ਦੇ ਸਮਰੱਥ ਨਹੀਂ ਸੀ। ਕੁਦਰਤੀ ਹੀ ਅਜਿਹੇ ਗੁਰੂ ਆਪਣੇ ਆਪ ਹੀ ਰੱਦ ਹੋ ਜਾਂਦੇ ਹਨ ਅਤੇ ਨਾਲ ਹੀ ਨਾਲ ਗੁਰੂ ਜੀ ਤੋਂ ਪਹਿਲਾਂ ਵਿਚਰ ਰਹੀ ਵਿਚਾਰਧਾਰਾ ਵੀ ਰੱਦ ਹੋ ਜਾਂਦੀ ਹੈ ਕਿਉਂਕਿ ਪ੍ਰੰਪਰਾਵਾਦੀ ਵਿਚਾਰਧਾਰਾ ਤੇ ਆਧਾਰਿਤ ਗੁਰੂ ਦਾ ਗਿਆਨ ਪ੍ਰਭ ਨਾਲ ਮੇਲ ਕਰਾਉਣ ਦੇ ਸਮਰੱਥ ਨਹੀਂ ਹੈ। ਇਸ ਕਰਕੇ ਗੁਰੂ ਰਵਿਦਾਸ ਜੀ ਹਿੰਦੂ ਮੱਤ ਦੀ ਵਿਚਾਰਧਾਰਾ ਦਾ ਖਾਸ ਕਰਕੇ ਖੰਡਨ ਕਰਕੇ ਉਸ ਦੀ ਦੇਹਧਾਰੀ ਗੁਰੂ ਪ੍ਰੰਪਰਾ ਦਾ ਵੀ ਪ੍ਰਭਾਵਸ਼ਾਲੀ ਢੰਗ ਨਾਲ ਖੰਡਨ ਕਰਦੇ ਹਨ ਅਤੇ ਇਸ ਦੀ ਥਾਂ ਨਵੀਂ ਵਿਸ਼ਵ ਵਿਚਾਰਧਾਰਾ ਦੀ ਸਿਰਜਣਾ ਕਰਕੇ ਇਕ ਨਵੇਂ ਵਿਸ਼ਵ ਧਰਮ ਦੀ ਸਿਰਜਣਾ ਕੀਤੀ ਗਈ ਹੈ, ਜਿਸ ਨੂੰ ਪੰਜਾਬ ਵਿਚ ਸਿੱਖ ਮੱਤ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਸੋ ਇਸ ਨਵੀਂ ਵਿਚਾਰਧਾਰਾ ਅਨੁਸਾਰ ਗੁਰੂ ਦਾ ਸਰੂਪ ਵਿਕਾਸਾਤਮਕ ਵਿਧੀ ਮੁਤਾਬਕ ਰੂਪਮਾਨ ਹੁੰਦਾ ਹੈ। ਗੁਰੂ ਰਵਿਦਾਸ ਜੀ ਆਪਣੀ ਬਾਣੀ ਦੇ ਪਹਿਲੇ ਹੀ ਸ਼ਬਦ ਵਿਚ ਪ੍ਰਭ ਅੱਗੇ ਅਰਦਾਸ ਕਰਦੇ ਹਨ ਕਿ ਹੇ ਪ੍ਰਭ! ਮੈਨੂੰ ਅਜਿਹੇ ਮਹਾਂ ਪੁਰਸ਼ ਨਾਲ ਮੇਲ ਕਰਵਾ ਜਿਹੜਾ ਤੇਰੇ ਨਾਲ ਮਿਲਾਉਣ ਦੇ ਸਮਰੱਥ ਹੋਵੇ:

ਸਰੀਰ ਅਰਾਧੈ ਮੋ ਕਉ ਬਿਚਾਰ ਦੇਹੁ।।
ਰਵਿਦਾਸ ਸਮਦਲ ਸਮਝਾਵੈ ਕੋਊ।।3।।

ਇਸ ਦਾ ਅਰਥ ਹੈ ਕਿ ਗੁਰੂ ਜੀ ਨੂੰ ਅਜਿਹਾ ਗੁਰੂ ਨਹੀਂ ਮਿਲਿਆ ਜਿਹੜਾ ਉਹਨਾਂ ਨੂੰ ਪ੍ਰਭ ਦੇ ਦਰਸ਼ਨ ਕਰਵਾ ਦੇਵੇ। ਇਸ ਕਰਕੇ ਉਹ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਮੈਂ ਤਨ ਮਨ ਤੇਰੀ ਅਰਾਧਨਾ ਵਿਚ ਲਾ ਦਿੱਤਾ ਹੈ, ਹੇ ਪ੍ਰਭੂ ਜੀ। ਮੈਨੂੰ ਗਿਆਨ ਦਿਓ, ਸਮਝ ਦਿਓ ਜਿਸ ਨਾਲ ਮੈਂ ਤੇਰੇ ਦਰਸ਼ਨ ਕਰਨ ਦੇ ਸਮਰੱਥ ਹੋ ਜਾਵਾਂ।

ਇਸ ਕਥਨ ਤੋਂ ਬਿਨਾਂ ਸ਼ੱਕ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਰਵਿਦਾਸ ਜੀ ਦਾ ਦੇਹਧਾਰੀ ਗੁਰੂ ਕੋਈ ਨਹੀਂ ਸੀ। ਇਸ ਕਰਕੇ ਸੁਆਮੀ ਰਾਮਾ ਨੰਦ ਨੂੰ ਗੁਰੂ ਰਵਿਦਾਸ ਜੀ ਦਾ ਗੁਰੂ ਕਹਿਣਾ ਕਿਸੇ ਵੀ ਤਰ੍ਹਾਂ ਤਰਕ ਤੇ ਪੂਰਾ ਨਹੀਂ ਉਤਰਦਾ।

ਗੁਰੂ ਰਵਿਦਾਸ ਜੀ ਨੂੰ ਸੰਸਾਰ ਧਰਮਾਂ ਦਾ ਗਿਆਨ ਹੋ ਗਿਆ ਹੈ ਕਿ ਉਹ ਪ੍ਰਭ ਨਾਲ ਮੇਲਣ ਦੇ ਸਮਰੱਥ ਨਹੀਂ ਹਨ ਅਤੇ ਨਾ ਹੀ ਉਹਨਾਂ ਵਿਚ ਕੋਈ ਅਜਿਹਾ ਸੰਤ ਹੈ, ਜਿਹੜਾ ਉਸ ਪ੍ਰਭ ਨਾਲ ਮਿਲਾਉਣ ਦੀ ਸਮਰੱਥਾ ਰੱਖਦਾ ਹੋਵੇ। ਇਸ ਲਈ ਗੁਰੂ ਰਵਿਦਾਸ ਜੀ ਨੇ ਪ੍ਰਭ ਤੋਂ ਬ੍ਰਹਮ ਗਿਆਨ ਦੇ ਦਾਨ ਦੀ ਅਰਦਾਸ ਕੀਤੀ ਹੈ। ਉਹ ਅਰਜੋਈ ਕਰਦੇ ਹਨ ਕਿ ਹੇ ਪ੍ਰਭੂ! ਮੇਰੇ ਵਿਚਾਰ ਵਿਕਾਰਾਂ ਕਾਰਨ ਪਤਿਤ ਹੋ ਗਏ ਹਨ, ਮੈਂ ਗਿਆਨ ਵਿਹੂਣਾ ਹਾਂ। ਇਸ ਕਰਕੇ ਮੈਨੂੰ ਤੇਰੇ ਬਾਰੇ ਕੋਈ ਸਮਝ ਨਹੀਂ ਹੈ ਅਤੇ ਨਾ ਹੀ ਗੁਣਗਾਨ ਕਰਨ ਦੇ ਸਮਰੱਥ ਹਾਂ। ਹੇ ਪ੍ਰਭ! ਮੇਰੀ ਅਰਜੋਈ ਹੈ ਮੇਰੇ ਤੇ ਕਿਰਪਾ ਕਰਕੇ ਮੈਨੂੰ ਵਿਕਾਰਾਂ ਤੋਂ ਛੁਟਕਾਰਾ ਦਿਓ, ਬ੍ਰਹਮ ਗਿਆਨ ਦੇ ਕੇ ਪਲ ਭਰ ਲਈ ਦਰਸ਼ਨ ਦਿਓ ਜੀ। ਸੋ ਉਹ ਸਪਸ਼ਟ ਰੂਪ ਵਿਚ ਪ੍ਰਭ (ਬ੍ਰਹਮ ਗੁਰੂ) ਨੂੰ ਆਪਣਾ ਗੁਰੂ ਸਵੀਕਾਰਦੇ ਹੋਏ ਬ੍ਰਹਮ ਗਿਆਨ ਅਤੇ ਦਰਸ਼ਨ ਲਈ ਅਰਜੋਈ ਕਰਦੇ ਹਨ।

ਉਹਨਾਂ ਦੇ ਆਪਣੇ ਸ਼ਬਦਾਂ ਵਿਚ-
ਸਗਲ ਭਵਨ ਕੇ ਨਾਇਕਾ,
ਇਕ ਛਿਨੁ ਦਰਸੁ ਦਿਖਾਇ ਜੀ।। ਰਹਾਉ।।
ਮਲਿਨ ਭਈ ਮਤਿ ਮਾਧਵਾ
ਤੇਰੀ ਗਤਿ ਲਖੀ ਨਾ ਜਾਇ।।
ਕਰਹੁ ਕ੍ਰਿਪਾ ਭ੍ਰਮ ਚੂਕਈ
ਮੈਂ ਸੁਮਤਿ ਦੇਹੁ ਸਮਝਾਇ।।2।।

ਉਪਰੋਕਤ ਚਰਚਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਰਵਿਦਾਸ ਜੀ ਦਾ ਗੁਰੂ ਬ੍ਰਹਮ ਗੁਰੂ ਹੀ ਹੈ। ਫਰਕ ਕੇਵਲ ਇਹ ਹੈ ਕਿ ਇੱਥੇ ਪ੍ਰਭ ਨੂੰ ਜਗਤ ਗੁਰੂ ਨਹੀਂ ਕਿਹਾ ਗਿਆ ਕਿਉਂਕਿ ਬ੍ਰਹਮ-ਗੁਰੂ ਦੀ ਸਥਾਪਤੀ ਲਈ ਬ੍ਰਹਮ ਗੁਰੂ ਦੀ ਵਿਚਾਰਧਾਰਾ ਦੀ ਸਥਾਪਨਾ ਬਹੁਤ ਜ਼ਰੂਰੀ ਸੀ। ਇਸ ਵਿਚਾਰਧਾਰਾ ਨੂੰ ਸਥਾਪਤ ਕਰਨ ਲਈ ਹਿੰਦੂ ਧਰਮ ਦੀ ਚਲ ਰਹੀ ਅਜਿਹਾ ਗੁਰੂ ਪੱਖਪਾਤੀ ਵਿਚਾਰਧਾਰਾ ਦਾ ਖੰਡਨ ਅਤਿ ਜ਼ਰੂਰੀ ਸੀ। ਸੋ ਗੁਰੂ ਰਵਿਦਾਸ ਜੀ ਨੇ ਅਗਲੇ ਹੀ ਸ਼ਬਦ "ਸਤਿਜੁਗ ਸਤੁ ਤ੍ਰੇਤਾ ਜਗੀ' ਵਿਚ ਜਾਣ ਬੁੱਝ ਕੇ ਉਪਰੋਕਤ ਜ਼ਰੂਰਤ ਨੂੰ ਪੂਰਾ ਕਰਨ ਲਈ ਸੁਚੇਤ ਤੌਰ ਤੇ ਇਕੋ ਹੀ ਸ਼ਬਦ ਵਿਚ ਸਮੁੱਚੀ ਹਿੰਦੂ ਧਰਮ ਦੀ ਵਿਚਾਰਧਾਰਾ ਦਾ ਖੰਡਨ ਕਰਕੇ ਉਸ ਦੀ ਥਾਂ ਇਕ ਨਵੀਂ ਨਿਆਂ ਆਧਾਰਿਤ ਮਾਨਵਵਾਦੀ ਪਿਆਰ ਨਾਲ ਭਰਪੂਰ ਵਿਚਾਰਧਾਰਾ ਦੀ ਸਿਰਜਣਾ ਕੀਤੀ। ਇਸ ਸ਼ਬਦ ਦੇ ਪਹਿਲੇ ਚਾਰ ਬੰਦਾਂ ਵਿਚ ਹਿੰਦੂ ਧਰਮ ਦੀ ਵਿਚਾਰਧਾਰਾ ਦਾ ਖੰਡਨ ਕੀਤਾ ਹੈ ਅਤੇ ਪਿਛਲੇ ਚਾਰ ਬੰਦਾਂ ਵਿਚ ਗੁਰੂ ਜੀ ਨੇ ਆਪਣੀ ਵਿਚਾਰਧਾਰਾ ਦੀ ਸਿਰਜਣਾ ਕੀਤੀ ਹੈ। ਹਿੰਦੂ ਧਰਮ ਦੀ ਚਾਰੇ ਜੁੱਗਾਂ ਦੀ ਵਿਚਾਰਧਾਰਾ ਦਾ ਖੰਡਨ ਕਰਦੇ ਹੋਏ ਪ੍ਰਸ਼ਨ ਕਰਦੇ ਹਨ ਕਿ 'ਹੇ ਪੰਡਤ! (ਇਨ੍ਹਾਂ ਜੁੱਗਾਂ ਦੇ ਵੰਡੇ ਹੋਏ ਕਰਮਾਂ-ਧਰਮਾਂ ਨਾ ਸੰਸਾਰ ਸਮੁੰਦਰ ਦਾ) ਪਾਰਲਾ ਬੰਨਾ ਕਿਵੇਂ ਲੱਭੇਗਾ? ਤੁਹਾਡੇ ਵਿਚ ਕੋਈ ਵੀ ਮੈਨੂੰ ਐਸਾ ਕੰਮ ਸਮਝਾ ਕੇ ਨਹੀਂ ਦੱਸ ਸਕਿਆ, ਜਿਸ ਦੀ ਸਹਾਇਤਾ ਨਾਲ (ਮਨੁੱਖ ਦਾ) ਜਨਮ ਮਰਨ ਦਾ ਗੇੜ ਮੁੱਕ ਸਕੇ।

ਇਸ ਚਰਚਾ ਤੋਂ ਵੀ ਸਪਸ਼ਟ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਦਾ ਦੇਹਧਾਰੀ ਗੁਰੂ ਕੋਈ ਨਹੀਂ ਸੀ। ਉਹ ਇਹ ਵੀ ਸਪਸ਼ਟ ਕਰਦੇ ਹਨ ਕਿ ਚਾਰੇ ਜੁਗਾਂ ਦੇ ਕਰਮ ਧਰਮ ਪ੍ਰਭ ਪ੍ਰਾਪਤੀ ਦੇ ਸਮਰੱਥ ਨਹੀਂ। ਗੁਰੂ ਜੀ ਦੇ ਆਪਣੇ ਬਚਨ ਹਨ: (ਬਾਕੀ ਅਗਲੇ ਸਫੇ ਤੇ)

# ਗੁਰੂ ਰਵਿਦਾਸ ਬਾਣੀ ਅਨੁਸਾਰ ਉਨ੍ਹਾਂ ਦਾ ਗੁਰੂ

ਸਤਿਜੁਗਿ ਸਤੁ ਤੇਤਾ ਜਗੀ, ਦੁਆਪਰਿ, ਪੂਜਾਚਾਰ॥
ਤੀਨੇ ਜੁਗ ਤੀਨੋ ਦਿੜੇ, ਕਲਿ ਕੇਵਲ ਨਾਮੁ ਆਧਾਰ॥
ਪਾਰ ਕੈਸੇ ਪਾਇਬੋ ਰੇ॥
ਮੋ ਸਉ ਕੋਊ ਨ ਕਹੈ ਸਮਝਾਇ॥
ਜਾਂ ਤੇ ਆਵਾਗਵਨੁ ਬਿਲਾਇ॥ ਰਹਾਉ॥

ਗੁਰੂ ਰਵਿਦਾਸ ਜੀ ਅਜਿਹੇ ਪਰਮ ਗੁਰੂ ਦੀ ਭਾਲ ਵਿਚ ਹਨ, ਜਿਹੜਾ ਉਹਨਾਂ ਨੂੰ ਆਪਣੇ ਵਰਗਾ ਬਣਾਉਣ ਦੀ ਸਮਰੱਥਾ ਰੱਖਦਾ ਹੋਵੇ। ਉਹ ਕੇਵਲ ਬ੍ਰਹਮ ਗੁਰੂ ਹੀ ਹੈ। ਸੋ ਬ੍ਰਹਮ-ਗਿਆਨ ਦਰਅਸਲ ਬ੍ਰਹਮ ਗੁਰੂ ਦੀ ਵਿਚਾਰਧਾਰਾ ਹੀ ਹੈ, ਜਿਹੜੀ ਵਿਕਾਰਾਂ ਨੂੰ ਨਸ਼ਟ ਕਰਕੇ ਸਾਧਕ ਦੇ ਮਨ ਵਿਚ ਸੱਚ ਦਾ ਨਿਰੂਪਣ ਕਰਦੀ ਹੈ। ਗੁਰੂ ਜੀ ਦਾ ਕਥਨ ਹੈ:

ਪਰਮ ਪਰਸ ਗੁਰੂ ਭੇਟੀਐ, ਪੂਰਬ ਲਿਖਤ ਲਿਲਾਟ॥
ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ॥

ਗੁਰੂ ਰਵਿਦਾਸ ਜੀ ਦੀ ਗੁਰੂ ਦੀ ਭਾਲ ਸਫਲ ਹੋ ਗਈ ਹੈ। ਬ੍ਰਹਮ-ਗੁਰੂ ਹੀ ਅਜਿਹੀ ਸਮਰੱਥਾ ਦਾ ਮਾਲਕ ਹੈ, ਜਿਹੜਾ ਵਿਕਾਰਾਂ ਤੋਂ ਮੁਕਤ ਕਰ, ਆਪਣਾ ਦਰਬਾਰੀ ਬਣਾ ਲੈਂਦਾ ਹੈ। ਇਸ ਲਈ ਗੁਰੂ ਰਵਿਦਾਸ ਜੀ ਸੋਚੀ ਸਮਝੀ ਸਕੀਮ ਅਧੀਨ ਸਪਸ਼ਟ ਰੂਪ ਵਿਚ ਆਪਣੇ 'ਗੁਰੂ' ਬਾਰੇ ਦੱਸਦੇ ਹਨ। ਉਹ ਸੁਚੇਤ ਹੋ ਕੇ 'ਨਾਥ ਕਛੂਆ ਨਾ ਜਾਨਉ॥'' ਵਾਲੇ ਸ਼ਬਦ ਵਿਚ ਸਪਸ਼ਟ ਕਰਦੇ ਹਨ ਕਿ ਉਹ ਪਰਮਾਤਮਾ- ਜਗਤ ਗੁਰੂ ਵੀ ਹੈ ਅਤੇ ਜਗਤ ਦਾ ਸਿਰਜਣਹਾਰ ਵੀ ਹੈ। ਜਗਤ- ਸਿਰਜਣਹਾਰ ਦੇ ਨਾਤੇ ਉਹ ਮਾਇਆ ਦਾ ਵੀ ਸਿਰਜਣਹਾਰ ਹੈ। ਇਸ ਲਈ ਜਗਤ-ਗੁਰੂ ਦੀ ਕਿਰਪਾ ਤੋਂ ਬਿਨਾਂ ਇਨ੍ਹਾਂ ਸ਼ਕਤੀਸ਼ਾਲੀ ਵਿਕਾਰਾਂ ਦਾ ਮੁਕਾਬਲਾ ਨਹੀਂ ਕੀਤਾ ਜਾ ਸਕਦਾ, ਇਨ੍ਹਾਂ ਨੂੰ ਕਾਬੂ ਨਹੀਂ ਕੀਤਾ ਜਾ ਸਕਦਾ। ਗੁਰੂ ਜੀ ਵਿਕਾਰਾਂ ਦੀ ਡੂੰਘੇਰੀ ਤੇ ਤਿਖੇਰੀ ਮਾਰੂ ਸ਼ਕਤੀ ਨੂੰ ਹਿੰਦੂਆਂ ਦੇ ਭਗਵਾਨ ਬ੍ਰਹਮਾ, ਮਹੇਸ਼, ਦੇਵਤਿਆਂ ਦੇ ਸਿਰਤਾਜ ਇੰਦਰ ਅਤੇ ਰਿਸ਼ੀ ਗੌਤਮ ਆਦਿ ਦੀਆਂ ਉਦਾਹਰਣਾਂ ਦੇ ਕੇ ਸਿੱਧ ਕਰਦੇ ਹਨ, ਜਿਸ ਨਾਲ ਵਿਕਾਰਾਂ ਦੀ ਅਥਾਹ ਮਾਰੂ ਸ਼ਕਤੀ ਦੀ ਭਿਆਨਕਤਾ ਹੋਰ ਵੀ ਭਿਆਨਕ ਹੋ ਜਾਂਦੀ ਹੈ।

ਇਸ ਲਈ ਗੁਰੂ ਰਵਿਦਾਸ ਜੀ ਸੁਚੇਤ ਹੋ ਕੇ ਸਪਸ਼ਟ ਕਰਦੇ ਹਨ ਕਿ ਇਨ੍ਹਾਂ ਤੋਂ ਛੁਟਕਾਰਾ ਕੇਵਲ ਬ੍ਰਹਮ-ਗੁਰੂ (ਜਗਤ-ਗੁਰੂ) ਦੀ ਕਿਰਪਾ ਨਾਲ, ਮਿਹਰ ਨਾਲ ਹੀ ਹੋ ਸਕਦਾ ਹੈ। ਸੋ ਗੁਰੂ ਰਵਿਦਾਸ ਜੀ ਦੇ 'ਗੁਰੂ' ਨੂੰ ਸਪਸ਼ਟ ਕਰਨ ਤੋਂ ਪਹਿਲਾਂ ਸਬੰਧਤ ਸ਼ਬਦ ਵਿਚ ਆਏ ਕੁਝ ਲਫਜ਼ਾਂ ਦੇ ਅਰਥਾਂ ਨੂੰ ਸਮਝਣਾ, ਪਰਖਣਾ ਜ਼ਰੂਰੀ ਹੈ।

(ੳ) ਨਾਥ= ਪ੍ਰਭ, ਪਰਮਾਤਮਾ
(ਅ) ਸੁਆਮੀ= ਸ੍ਰਿਸ਼ਟੀ ਦਾ ਮਾਲਕ, ਪਰਮਾਤਮਾ
(ੲ) ਹਰਿ - ਪ੍ਰਭ=ਪਰਮਾਤਮਾ
(ਸ) ਰਘੁਨਾਥ= ਰਘੁ (ਪ੍ਰਕਾਸ਼) ਦਾ ਸੁਆਮੀ ਜਯੋਤਿਰੂਪ ਕਰਤਾਰ
ਤਿਸ ਦੇ ਚਾਨਣ ਸਭ ਮਹਿ ਚਾਨਣ ਹੋਇ।
(ਹ) ਪ੍ਰਕਾਸ਼= ਗਿਆਨ
(ਕ) ਜਯੋਤਿਰੂਪ ਕਰਤਾਰ= ਬ੍ਰਹਮ
(ਖ) ਪ੍ਰਕਾਸ਼ ਦਾ ਸਵਾਮੀ= ਗੁਰੂ ਬ੍ਰਹਮ ਗੁਰੂ

ਸਾਡਾ ਉਪਰੋਕਤ ਅਰਥ ਦੇਣ ਦਾ ਭਾਵ ਇਹ ਸਪਸ਼ਟ ਕਰਨਾ ਹੈ ਕਿ 'ਰਘੁਨਾਥ' ਦਾ ਅਰਥ ਦਸਰਥ ਪੁੱਤਰ ਰਾਮ ਨਹੀਂ ਹੈ। ਗੁਰਬਾਣੀ ਦੀ ਇਕ ਹੋਰ ਸਤਰ ਤੋਂ ਵੀ ਇਹ ਗੱਲ ਸਪਸ਼ਟ ਹੋ ਜਾਂਦੀ ਹੈ:

'ਪ੍ਰਹਲਾਦ ਕਾ ਰਾਖਾ ਹੋਇ ਰਘੁਰਾਇਆ॥''
ਪ੍ਰਹਲਾਦ ਵੇਲੇ ਰਾਮ ਚੰਦਰ ਜੀ ਨਹੀਂ ਸਨ।''

ਸੋ ਪ੍ਰਹਲਾਦ ਦਾ ਰਾਖਾ ਕਣ ਕਣ ਵਿਚ ਰਮ ਰਿਹਾ ਅਜੂਨੀ ਪਾਰਬ੍ਰਹਮ ਹੈ, ਦਸ਼ਰਥ ਪੁੱਤਰ ਰਾਮ ਨਹੀਂ। ਸੋ ਵਿਚਾਰ ਅਧੀਨ ਸ਼ਬਦ ਵਿਚ 'ਰਘੁਨਾਥ' ਦਾ ਅਰਥ ਪ੍ਰਕਾਸ਼ ਰੂਪ ਬ੍ਰਹਮ ਭਾਵ ਬ੍ਰਹਮ-ਗੁਰੂ ਹੀ ਹੈ।

ਹੁਣ ਅਸੀਂ ਸ਼ਬਦ ਦੇ ਵਿਚਾਰ-ਵਿਧਾਨ ਦਾ ਅਧਿਐਨ ਕਰਦੇ ਹਾਂ। ਇਹ ਸ਼ਬਦ ਰਹਾਉ ਤੋਂ ਸ਼ੁਰੂ ਹੁੰਦਾ ਹੈ। ਰਹਾਉ ਵਿਚ ਮੂਲ ਸਮੱਸਿਆ ਨੂੰ ਨਿਖੇੜ ਕੇ ਦ੍ਰਿੜ੍ਹ ਕੀਤਾ ਗਿਆ ਹੈ। ਇਸ ਕਰਕੇ ਬੰਦ ਨੰ 1 ਅਤੇ 6 ਨੂੰ ਛੱਡ ਕੇ ਬਾਕੀ ਦੇ ਸ਼ਬਦ ਵਿਚ ਮਾਇਆ ਦੇ ਵਿਕਰਾਲ ਰੂਪ ਨੂੰ ਹੀ ਸਿਰਜਿਆ ਗਿਆ ਹੈ।

ਰਹਾਉ: ਹੇ ਨਾਥ, ਹੇ ਪ੍ਰਭ! ਮੈਂ ਆਗਿਆਨੀ ਹਾਂ। ਮੇਰਾ ਮਨ ਮਾਇਆ ਦੇ ਹੱਥ ਬੁਰੀ ਤਰ੍ਹਾਂ ਵਿਕ ਚੁੱਕਿਆ ਹੈ।

ਨਾਥ ਕਛੂਆ ਨ ਜਾਨਉ॥
ਮਨੁ ਮਾਇਆ ਕੈ ਹਾਥਿ ਬਿਕਾਨਉ॥ ਰਹਾਉ॥

ਗੁਰੂ ਜੀ ਦੇ ਵਿਚਾਰ ਵਿਧਾਨ ਦੀ ਉਸਾਰੀ ਅਤੇ ਗੰਭੀਰਤਾ, ਵਿਚਾਰ ਦੇ ਵਿਕਾਸ ਦੀ ਮਹੱਤਤਾ ਦਾ ਪ੍ਰਤੀਕ ਹੈ। ਰਹਾਉ ਵਿਚ ਮੂਲ ਸਮੱਸਿਆ ਦੱਸ ਕੇ ਝੱਟ ਹੀ ਬੰਦ ਨੰ: 1 ਵਿਚ ਇਸ ਦੇ ਹੱਲ ਦਾ ਸਾਧਨ ਦੱਸ ਦਿੱਤਾ ਹੈ।

ਬੰਦ ਨੰ: 1- ਹੇ ਪ੍ਰਭੂ! ਤੁਸੀਂ ਜਗਤ ਗੁਰੂ ਅਤੇ ਸ੍ਰਿਸ਼ਟੀ ਦੇ ਮਾਲਕ ਪਰਮਾਤਮਾ ਹੋ ਅਤੇ ਅਸੀਂ ਕਲਿਜੁਗੀ, ਵਿਸ਼ਈ, ਕਾਮੀ ਜੀਵ ਹਾਂ।

ਤੁਮ ਕਹੀਅਤ ਹੋ ਜਗਤ ਗੁਰ ਸੁਆਮੀ॥
ਹਮ ਕਹੀਅਤ ਕਲਿਜੁਗ ਕੇ ਕਾਮੀ॥

ਰਹਾਉ ਵਿਚ ਕੇਵਲ ਅਗਿਆਨਤਾ ਕਾਰਨ ਮਾਇਆ ਦੇ ਪ੍ਰਭਾਵ ਦਾ ਜ਼ਿਕਰ ਸੀ। ਬੰਦ ਨੰ: 1 ਵਿਚ ਇਸ ਮਾਇਆ ਤੋਂ ਮੁਕਤੀ ਪਾਉਣ ਲਈ ਸੁਚੇਤ ਰੂਪ ਵਿਚ ਬ੍ਰਹਮ-ਗੁਰੂ ਦਾ ਜ਼ਿਕਰ ਹੈ। ਬ੍ਰਹਮ ਗੁਰੂ ਵੀ ਉਹ, ਜਿਹੜਾ ਮਾਇਆ ਦਾ ਜਨਮਦਾਤਾ ਹੈ। ਇਸ ਲਈ ਇਸ ਮਾਇਆ ਤੋਂ ਕੇਵਲ ਬ੍ਰਹਮ ਗੁਰੂ ਦੇ ਬ੍ਰਹਮ ਗਿਆਨ ਨਾਲ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ, ਇਸ ਕਰਕੇ ਨਾਲ ਦੀ ਨਾਲ ਮਾਇਆ ਦੇ ਸ਼ਿਕਾਰ ਕਲਿਜੁਗੀ ਜੀਵ ਦਾ ਵੀ ਜ਼ਿਕਰ ਕਰ ਦਿੱਤਾ ਹੈ।

ਬੰਦ ਨੰ: 2- ਇਸ ਬੰਦ ਵਿਚ ਗੁਰੂ ਜੀ ਆਪਣੀ ਸਮੱਸਿਆ ਨੂੰ ਖੋਲ੍ਹ ਕੇ ਉਸ ਦੀ ਵਿਆਖਿਆ ਕਰਦੇ ਹਨ। ਉਹ ਫ਼ਰਮਾਉਂਦੇ ਹਨ ਕਿ ਮਾਇਆ ਦੇ ਪੰਜਾਂ ਵਿਕਾਰਾਂ (ਦੂਤਾਂ) ਨੇ ਮੇਰੇ ਮਨ ਨੂੰ ਵਿਗਾੜ ਦਿੱਤਾ ਹੈ ਅਤੇ ਹਰ ਛਿਣ ਪ੍ਰਭ ਤੋਂ ਦੂਰ ਕਰ ਰਹੇ ਹਨ, ਵਿੱਥ ਪੁਵਾ ਰਹੇ ਹਨ:

ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ॥2॥

ਬੰਦ ਨੰ: 3- ਇਸ ਵਿਚ ਗੁਰੂ ਜੀ ਇਨ੍ਹਾਂ ਵਿਕਾਰਾਂ ਕਾਰਨ ਦੁੱਖਾਂ ਵਿਚ ਤੜਪ ਰਹੀ ਲੋਕਾਈ ਦੀ ਅਟੱਲ ਸਚਾਈ ਬਾਰੇ ਦੱਸ ਰਹੇ ਹਨ। ਉਨ੍ਹਾਂ ਦਾ ਕਥਨ ਹੈ ਕਿ ਮੈਂ ਜਿੱਧਰ ਵੀ ਤੱਕਦਾ ਹਾਂ, ਉਧਰ ਹੀ ਇਨ੍ਹਾਂ ਵਿਕਾਰਾਂ ਕਾਰਨ ਦੁੱਖ ਹੀ ਦੁੱਖ ਨਜ਼ਰ ਆਉਂਦੇ ਹਨ। ਫਿਰ ਵੀ ਮੇਰੇ ਮਨ ਨੂੰ ਵਿਸ਼ਵਾਸ ਨਹੀਂ ਆਇਆ ਜਦਕਿ ਵੇਦ ਆਦਿ ਧਰਮ ਗ੍ਰੰਥ ਵੀ ਇਸ ਦੀ ਗਵਾਹੀ ਭਰਦੇ ਹਨ।

ਜਿਤ ਦੇਖਉ ਤਿਤ ਦੁਖ ਕੀ ਰਾਸੀ।
ਅਜੌਂ ਨ ਪਤਾਇ ਨਿਗਮ ਭਏ ਸਾਖੀ॥3॥

ਬੰਦ ਨੰ: 4- ਇਸ ਵਿਚ ਵੇਦ ਆਦਿ ਧਰਮ ਗ੍ਰੰਥਾਂ ਦੀਆਂ ਗਵਾਹੀਆਂ ਦਰਜ ਹਨ, ਜਿਹੜੀਆਂ ਸਮੱਸਿਆ ਦੀ ਭਿਆਨਕਤਾ ਅਤੇ ਗੰਭੀਰਤਾ ਨੂੰ ਦ੍ਰਿੜ੍ਹ ਕਰਦੀਆਂ ਹਨ।

ਪਹਿਲੀ ਗਵਾਹੀ- ਗੌਤਮ ਦੀ ਵਹੁਟੀ ਅਹੱਲਿਆ ਦੀ ਹੈ। ਉਹ ਆਪਣੇ ਪਤੀ ਗੌਤਮ ਨਾਲ (ਮਾਇਆ) ਕਰਕੇ ਇੰਦਰ ਨਾਲ ਭੋਗ ਕਰਦੀ ਹੈ। (ਵਿਕਾਰ= ਮਾਇਆ)।

ਦੂਜੀ ਗਵਾਹੀ- ਪਾਰਵਤੀ ਦੇ ਪਤੀ ਭਗਵਾਨ ਸ਼ਿਵ ਦੀ ਹੈ। ਉਹ ਈਰਖਾ (ਮਤਸਰ) ਵਸ, ਬ੍ਰਹਮਾ ਦਾ ਸਿਰ ਕੱਟਦਾ ਹੈ। (ਵਿਕਾਰ= ਮਤਸਰ)

ਤੀਜੀ ਗਵਾਹੀ- 'ਭਗਵਾਨ' ਬ੍ਰਹਮਾ ਦੀ ਹੈ। ਉਹ ਕਾਮ ਵਸ ਹੋ ਕੇ ਆਪਣੀ ਹੀ ਧੀ ਤੇ ਮੋਹਿਤ ਹੋ ਜਾਂਦਾ ਹੈ। (ਵਿਕਾਰ= ਕਾਮ)

ਚੌਥੀ ਗਵਾਹੀ- ਇੰਦਰ ਦੇਵਤਾ ਦੀ ਹੈ। ਉਹ ਮਤਵਾਲਾ (ਮਦ) ਹੋ ਅਹੱਲਿਆ ਨਾਲ ਨਾਜਾਇਜ਼ ਸਬੰਧ ਰੱਖਦਾ ਹੈ। (ਵਿਕਾਸ= ਮਦ)

ਪੰਜਵੀਂ ਗਵਾਹੀ- ਗੌਤਮ ਰਿਸ਼ੀ ਦੀ ਹੈ, ਜਿਸ ਨੇ ਕ੍ਰੋਧ ਵਿਚ ਆ ਕੇ ਇੰਦਰ ਦੇਵਤਾ ਨੂੰ ਸਰਾਪ ਦੇ ਦਿੱਤਾ ਅਤੇ ਉਸ ਦੇ ਸਰੀਰ ਤੇ ਹਜ਼ਾਰਾਂ ਭਗਾਂ ਬਣ ਗਈਆਂ (ਵਿਕਾਰ= ਕ੍ਰੋਧ)।

ਇਨ੍ਹਾਂ ਪੰਜਾਂ ਗਵਾਹੀਆਂ ਨੂੰ ਪੜ੍ਹ ਕੇ ਸਪਸ਼ਟ ਹੋ ਜਾਂਦਾ ਹੈ ਕਿ ਭਗਵਾਨਾਂ, ਦੇਵਤਿਆਂ, ਰਿਸ਼ੀਆਂ ਆਦਿ ਨੂੰ ਵੀ ਵਿਕਾਰਾਂ ਨੇ ਬੁਰੀ ਤਰ੍ਹਾਂ ਖੁਆਰ ਕੀਤਾ ਹੈ, ਫਿਰ ਆਮ ਮਨੁੱਖ ਦੀ ਕੀ ਵੁੱਕਤ ਰਹਿ ਜਾਂਦੀ ਹੈ?

ਗੌਤਮ ਨਾਰਿ ਉਮਾਪਤਿ ਸਵਾਮੀ॥
ਸੀਸੁ ਧਰਨਿ ਸਹਸ ਭਗ ਗਾਮੀ।4॥

ਬੰਦ ਨੰ: 5- ਇਸ ਬੰਦ ਵਿਚ ਗੁਰੂ ਜੀ ਉਪਰੋਕਤ ਬੰਦ ਦੀ ਭਿਆਨਕਤਾ ਨੂੰ ਦਰਸਾਉਂਦਿਆਂ ਆਪਣੇ ਮਨ ਨੂੰ ਕੋਸਦੇ ਹਨ ਕਿ ਮਾਇਆ ਦੇ ਇਨ੍ਹਾਂ ਪੰਜਾਂ ਦੂਤਾਂ ਨੇ ਮੇਰੇ ਮੂਰਖ ਮਨ ਨੂੰ ਬੁਰੀ ਤਰ੍ਹਾਂ ਮਾਰ ਮਾਰ ਕੇ ਕਾਬੂ ਕੀਤਾ ਹੋਇਆ ਹੈ, ਪਰ ਇਹ ਮਨ ਬੜਾ ਹੀ ਨਿਰਲੱਜ ਹੈ, ਬੇਸ਼ਰਮ ਹੈ, ਭਗਵਾਨਾਂ, ਦੇਵਤਿਆਂ, ਰਿਸ਼ੀਆਂ ਆਦਿ ਦਾ ਘਿਨਾਉਣਾ ਹਾਲ ਦੇਖ ਕੇ ਵੀ ਇਨ੍ਹਾਂ ਵਿਕਾਰਾਂ ਦਾ ਖਹਿੜਾ ਨਹੀਂ ਛੱਡਦਾ।

ਇਨ ਦੂਤਨ ਖਲੁ ਬਧੁ ਕਰਿ ਮਾਰਿਓ॥
ਬਡੋ ਨਿਲਾਜੁ ਅਜਹੂ ਨਹੀਂ ਹਾਰਿਓ॥5॥

ਬੰਦ ਨੰ: 6- ਇਸ ਬੰਦ ਵਿਚ ਗੁਰੂ ਜੀ ਇਨ੍ਹਾਂ ਵਿਕਾਰਾਂ ਤੋਂ ਛੁਟਕਾਰਾ ਪਾਉਣ ਲਈ ਬ੍ਰਹਮ ਗੁਰੂ (ਜਗਤ ਗੁਰੂ) ਦੀ ਸ਼ਰਨ ਲੈਂਦੇ ਹਨ। ਉਨ੍ਹਾਂ ਦਾ ਫੁਰਮਾਨ ਹੈ: ਉਹ ਆਪਣੇ ਆਪ ਨੂੰ ਸੰਬੋਧਨ ਕਰਕੇ ਕਹਿੰਦੇ ਹਨ, ''ਦਸ ਰਵਿਦਾਸ ਹੁਣ ਮੈਂ ਕਿਥੇ ਜਾਵਾਂ? ਕੀ ਕਰਾਂ? ਫਿਰ ਉਹ ਇਸ ਪ੍ਰਸ਼ਨ ਦਾ ਆਪਣੇ ਆਪ ਹੀ ਉਤਰ ਦਿੰਦੇ ਹਨ ਕਿ ਹੁਣ ਤਾਂ ਵਿਕਾਰਾਂ ਤੋਂ ਛੁਟਕਾਰਾ ਪਾਉਣ ਲਈ ਪ੍ਰਭ (ਬ੍ਰਹਮ ਗੁਰੂ) ਤੋਂ ਬਿਨਾਂ ਹੋਰ ਕਿਸੇ ਦਾ ਸਹਾਰਾ ਨਹੀਂ ਲਿਆ ਜਾ ਸਕਦਾ। ਬ੍ਰਹਮ ਗੁਰੂ ਤੋਂ ਬਿਨਾਂ ਇਨ੍ਹਾਂ ਵਿਕਾਰਾਂ ਤੋਂ ਮੁਕਤੀ ਸੰਭਵ ਹੀ ਨਹੀਂ। ਸੋ ਗੁਰੂ ਰਵਿਦਾਸ ਜੀ ਬ੍ਰਹਮ ਗੁਰੂ ਨੂੰ ਆਪਣਾ ਗੁਰੂ ਮੰਨ ਕੇ ਉਸ ਦੀ ਅਗਵਾਈ ਅਧੀਨ ਹੀ ਵਿਕਾਰਾਂ ਤੇ ਕਾਬੂ ਪਾ, ਮੁਕਤੀ ਪ੍ਰਾਪਤ ਕਰਦੇ ਹਨ:

ਕਹਿ ਰਵਿਦਾਸ ਕਹਾ ਕੈਸੇ ਕੀਜੇ॥
ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ॥6॥

ਹੁਣ ਅਸੀਂ ਗੁਰੂ ਰਵਿਦਾਸ ਜੀ ਦੇ ''ਗੁਰੂ'' ਬ੍ਰਹਮ ਗੁਰੂ ਨੂੰ ਹੋਰ ਸਪਸ਼ਟ ਕਰਨ ਲਈ ਬੰਦ ਨੰ: 1 ਅਤੇ 6 ਨੂੰ ਇਕੱਲਿਆਂ ਹੀ ਵਿਚਾਰਦੇ ਹਾਂ।

ਤੁਮ ਕਹੀਅਤ ਹੋ ਜਗਤ ਗੁਰ ਸੁਆਮੀ॥
ਹਮ ਕਹੀਅਤ ਕਲਿਜੁਗ ਕੇ ਕਾਮੀ॥1॥
ਕਹਿ ਰਵਿਦਾਸ ਕਹਾ ਕੈਸੇ ਕੀਜੈ॥
ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ॥6॥

ਬੰਦ ਨੰ: 1 ਵਿਚ ਤਿੰਨ ਗੱਲਾਂ ਸਪਸ਼ਟ ਹਨ:
(ੳ) ਜਗਤ ਗੁਰੂ= ਬ੍ਰਹਮ ਗੁਰੂ, ਪ੍ਰਭ ਗੁਰੂ
(ਅ) ਜਗਤ ਸੁਆਮੀ= ਜਗਤ ਦਾ ਮਾਲਕ ਪਰਮਾਤਮਾ
ਸੋ ਬ੍ਰਹਮ ਗੁਰੂ= ਪਰਮਾਤਮਾ।
(ੲ) ਵਿਕਾਰਾਂ ਵਿਚ ਗ੍ਰੱਸਿਆ ਹੋਇਆ ਜੀਵ ਜਿਸ ਨੇ ਬ੍ਰਹਮ ਗੁਰੂ ਦੀ ਅਗਵਾਈ ਅਧੀਨ ਇਨ੍ਹਾਂ ਵਿਕਾਰਾਂ ਤੋਂ ਮੁਕਤੀ ਪ੍ਰਾਪਤ ਕਰਨੀ ਹੈ।

ਬੰਦ ਨੰ: 6- ਵਿਚ ਦੋ ਗੱਲਾਂ ਸਪਸ਼ਟ ਹਨ:
(ੳ) ਰਘੁਨਾਥ= ਪਰਮਾਤਮਾ, ਬ੍ਰਹਮ-ਗੁਰੂ
(ਅ) ਹੋਰ ਸਭ ਨੂੰ ਛੱਡ ਕੇ ਗੁਰੂ ਰਵਿਦਾਸ ਜੀ ਬ੍ਰਹਮ ਗੁਰੂ (ਪਰਮਾਤਮਾ) ਦੀ ਸ਼ਰਨ ਲੈਂਦੇ ਹਨ-

ਕਹਿ ਰਵਿਦਾਸ ਸਰਨਿ ਪ੍ਰਭ ਤੇਰੀ॥
ਜਿਉ ਜਾਨਹੁ ਤਿਉ ਕਰੁ ਗਤਿ ਮੇਰੀ॥੩॥

ਹੋਰ ਸਭ ਨੂੰ ਛੱਡ ਕੇ ਗੁਰੂ ਜੀ ਬ੍ਰਹਮ ਗੁਰੂ ਨੂੰ ਗੁਰੂ ਪ੍ਰਵਾਨ ਕਰਦੇ ਹਨ।

ਸੋ ਹਰ ਪੱਖੋਂ ਸਪਸ਼ਟ ਹੈ ਕਿ ਗੁਰੂ ਰਵਿਦਾਸ ਜੀ ਨੇ ਵਿਕਾਰਾਂ ਨੂੰ ਕਾਬੂ ਕਰਨ ਹਿਤ ਬ੍ਰਹਮ ਗਿਆਨ ਦੀ ਪ੍ਰਾਪਤੀ ਲਈ ਕੇਵਲ ਅਤੇ ਕੇਵਲ ਬ੍ਰਹਮ- ਗੁਰੂ ਪਾਰਬ੍ਰਹਮ ਨੂੰ ਹੀ ਗੁਰੂ ਪ੍ਰਵਾਨ ਕਰਕੇ ਉਸ ਦੀ ਸ਼ਰਨ ਲਈ ਹੈ। ਸੋ ਗੁਰੂ ਜੀ ਦਾ ਗੁਰੂ ਪਾਰਬ੍ਰਹਮ ਹੈ, (ਬ੍ਰਹਮ-ਗੁਰੂ ਹੈ), ਹੋਰ ਕੋਈ ਨਹੀਂ।

ਉਪਰੋਕਤ ਸਿੱਟੇ ਨਾਲ ਦੋ ਸਮੱਸਿਆਵਾਂ ਹੱਲ ਹੋ ਗਈਆਂ ਹਨ:
(ੳ) ਸਭ ਤੋਂ ਵੱਡੀ ਸਮੱਸਿਆ ਸੀ, ''ਗੁਰੂ ਰਵਿਦਾਸ ਜੀ ਦਾ ਗੁਰੂ ਕੌਣ?''
ਇਹ ਸਮੱਸਿਆ ਹੁਣ ਸਦਾ ਸਦਾ ਲਈ ਖਤਮ ਹੋ ਗਈ ਹੈ।
(ਅ) ਦੂਜੀ ਸਮੱਸਿਆ ਸੀ: ਸਿੱਖ ਜਗਤ, ਗੁਰੂ ਰਵਿਦਾਸ ਜੀ ਨੂੰ ਨਾ ਤਾਂ ਗੁਰੂ ਮੰਨਦਾ ਹੈ ਅਤੇ ਨਾ ਹੀ ਕਹਿੰਦਾ ਅਤੇ ਲਿਖਦਾ ਹੈ।

ਪੰਜਵੇਂ ਅਧਿਆਏ ਵਿਚ 'ਭਗਤਾ ਕੀ ਬਾਣੀ' ਕਿਉਂ ਲਿਖਿਆ ਗਿਆ, ਇਸ ਬਾਰੇ ਚਰਚਾ ਕਰਕੇ ਸਪਸ਼ਟ ਕੀਤਾ ਸੀ ਕਿ ਗੁਰੂ ਗ੍ਰੰਥ ਸਾਹਿਬ ਅਨੁਸਾਰ ਵੀ ਗੁਰੂ ਰਵਿਦਾਸ ਜੀ ਗੁਰੂ ਹਨ।

ਇਸ ਲਈ ਉਹਨਾਂ ਨੂੰ ਗੁਰੂ ਮੰਨਣਾ, ਕਹਿਣਾ ਅਤੇ ਲਿਖਣਾ ਹੀ ਸਹੀ ਹੈ। ਇਹ ਹੋਰ ਵੀ ਦ੍ਰਿੜ੍ਹ ਹੋ ਜਾਂਦਾ ਹੈ ਜਦੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਗੁਰੂ ਰਵਿਦਾਸ ਜੀ ਦਾ ਗੁਰੂ ਪਾਰਬ੍ਰਹਮ ਸੀ ਅਤੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਗੁਰੂ ਵੀ ਪਾਰਬ੍ਰਹਮ ਹੀ ਸੀ।

ਉਪਰੋਕਤ ਸਾਰੀ ਚਰਚਾ ਤੋਂ ਦ੍ਰਿੜ੍ਹ ਹੋ ਗਿਆ ਹੈ ਕਿ ਗੁਰੂ ਰਵਿਦਾਸ ਜੀ ਦਾ ਗੁਰੂ ਪਾਰਬ੍ਰਹਮ ਹੈ, ਬ੍ਰਹਮ-ਗੁਰੂ ਹੈ।

## ਸਮੀਖਿਆ

# ਮਲਿੰਦ ਪ੍ਰਕਾਸ਼ਨ: ਰਫ਼ਤਾ ਰਫ਼ਤਾ ਮੰਜ਼ਿਲ ਵੱਲ.




ਮਲਿੰਦ ਪ੍ਰਕਾਸ਼ਨ ਦੀ ਸ਼ੁਰੂਆਤ ਇਤਿਹਾਸਕ ਬੋਧੀ ਕੇਂਦਰ 'ਸੰਘੋਲ' ਦੀ ਖੁਦਾਈ 'ਚੋਂ ਮਿਲੇ ਅਵਸ਼ੇਸ਼ਾਂ ਦੀ ਜਾਣਕਾਰੀ ਲੋਕਾਂ ਤੱਕ ਪਹੁੰਚਾਣ ਦੀ ਮਨਸ਼ਾ ਨਾਲ ਹੋਈ। ਉਦੇਸ਼ ਇਹ ਸੀ ਕਿ ਇਸ ਇਤਿਹਾਸਕ ਥਾਂ ਦੀ ਲੋਕਾਂ ਨੂੰ ਜਾਣਕਾਰੀ ਕਰਾਈ ਜਾਵੇ ਤਾਂ ਕਿ ਲੋਕ ਬੋਧੀ ਵਿਰਸੇ ਨੂੰ ਦੇਖਣ ਆਉਣ। 8 ਸਫ਼ੇ ਦਾ ਇਕ ਛੋਟਾ ਜਿਹਾ ਲੇਖ ਲਿਖ ਕੇ ਛਪਵਾਇਆ ਗਿਆ ਅਤੇ ਉਸ ਦੀਆਂ 2 ਹਜ਼ਾਰ ਕਾਪੀਆਂ, ਇਕ ਰੁਪਏ ਦਾ ਡਾਕ ਟਿਕਟ ਲਾ ਕੇ ਬੁੱਕ ਪੋਸਟ ਰਾਹੀਂ ਹਫ਼ਤਾਵਾਰ 'ਕਿਰਤੀ' ਦੇ ਪਾਠਕਾਂ ਨੂੰ ਪੂਰੇ ਪੰਜਾਬ ਵਿਚ ਭੇਜਿਆ ਗਿਆ, ਜਿਸ ਦਾ ਨਤੀਜਾ ਇਹ ਹੋਇਆ ਕਿ ਅੱਜ ਲੋਕ ਉਥੇ ਯਾਤਰਾ ਕਰਨ ਜਾਂਦੇ ਹਨ, ਬੁੱਧ ਪੂਰਨਿਮਾ ਮਨਾਈ ਜਾਂਦੀ ਹੈ।

ਦੂਜੀ ਪੁਸਤਕ ਜੋ ਮਲਿੰਦ ਪ੍ਰਕਾਸ਼ਨ ਵੱਲੋਂ ਛਾਪੀ ਗਈ, ਉਹ ਸੀ 'ਬਹੁਪੱਖੀ ਨਾਇਕ ਡਾ. ਅੰਬੇਦਕਰ' ਜਿਸ ਵਿਚ ਮੇਰੇ 1981 ਤੋਂ ਲੈ ਕੇ 1999 ਤੱਥ 'ਅੰਬੇਦਕਰ ਅਤੇ ਬੁੱਧ' ਬਾਰੇ ਅਖ਼ਬਾਰਾਂ ਜੱਗਬਾਣੀ, ਅਕਾਲੀ ਪੱਤ੍ਰਕਾ, ਨਵਾਂ ਜ਼ਮਾਨਾ, ਖਿਦਮਤ, ਰੌਸ਼ਨੀ, ਕਿਰਤੀ, ਸ਼ੀਰਾਜਾ, ਅੱਜ ਦੀ ਆਵਾਜ਼ ਅਤੇ ਰੇਡੀਓ ਕਸ਼ਮੀਰ ਤੋਂ 'ਅੰਕੁਰ' ਪ੍ਰੋਗਰਾਮ ਵਿਚ ਪ੍ਰਸਾਰਿਤ ਵਾਰਤਾਵਾਂ ਦਰਜ ਹਨ। ਅਸਲ 'ਚ ਇਸਨੂੰ 'ਮਲਿੰਦ ਪ੍ਰਕਾਸ਼ਨ' ਦੀ ਪਹਿਲੀ ਪੁਸਤਕ ਕਿਹਾ ਜਾ ਸਕਦਾ ਹੈ, ਕਿਉਂਕਿ ਇਸ ਵਿਚ ਮਲਿੰਦ ਪ੍ਰਕਾਸ਼ਨ ਦੀ ਨੀਤੀ ਨੂੰ ਸਪਸ਼ਟ ਕਰਦੇ ਹੋਏ ਲਿਖਿਆ ਹੈ- ''ਸਾਹਿਤ ਕਿਸੇ ਕੌਮ ਦੇ ਨਿਰਮਾਣ 'ਚ ਅਹਿਮ ਭੂਮਿਕਾ ਅਦਾ ਕਰਦਾ ਹੈ। ਜੇ ਇਹ ਮਾਨਵਤਾਵਾਦੀ, ਵਿਗਿਆਨਕ ਅਤੇ ਉਸਾਰੂ ਹੋਵੇ। ਸਸਤਾ ਅਤੇ ਪ੍ਰਮਾਣਿਕ ਸਾਹਿਤ ਲੋਕਾਂ ਤੱਕ ਪਹੁੰਚਾਉਣਾ ਸ਼ੁਭ ਕਰਮ ਹੈ। ਇਹ ਪੁਸਤਕ ਇਸੇ ਲੜੀ ਦਾ ਪਹਿਲਾ ਉਦਮ ਹੈ।'

ਤੀਜੀ ਪੁਸਤਕ ਮਹਾਂਮਾਨਵ ਬੁੱਧ ਅਤੇ ਉਹਨਾਂ ਦੇ ਸਿਧਾਂਤਾਂ ਬਾਰੇ ਹੈ। 48 ਸਫਿਆਂ ਦੀ ਇਸ ਪੁਸਤਕ ਵਿਚ ਬੁੱਧ ਧੱਮ ਬਾਰੇ ਰੋਜ਼ਾਨਾ ਅਖ਼ਬਾਰਾਂ ਵਿਚ ਛਪੇ ਲੇਖਾਂ ਤੋਂ ਇਲਾਵਾ ਹੋਰ ਲੇਖ ਜੋੜ ਕੇ 'ਸਿਧਾਰਥ ਤੋਂ ਬੁੱਧ ਹੋਣ ਤੱਕ' ਛਾਪੀ ਗਈ। ਚੌਥੀ ਮਹੱਤਵਪੂਰਨ ਪੁਸਤਕ 'ਪ੍ਰੀਤਮ ਕਾਵਿ' ਹੈ ਜਿਸ ਵਿਚ ਉਰਦੂ-ਫਾਰਸੀ ਦੇ ਪ੍ਰਸਿੱਧ ਕਵੀ, ਰਿਪਬਲਿਕਨ ਪਾਰਟੀ ਦੇ ਸਤਿਆਗ੍ਰਹੀ, ਬਾਬਾ ਸਾਹਿਬ ਡਾ. ਅੰਬੇਦਕਰ ਦੇ ਪਰਮ ਸ਼ਰਧਾਲੂ ਪ੍ਰੀਤਮ ਰਾਮਦਾਸਪੁਰੀ ਦੀ ਸੰਪੂਰਨ ਕਵਿਤਾ ਅਤੇ ਉਨ੍ਹਾਂ ਦੀ ਸ਼ਖਸੀਅਤ ਬਾਰੇ ਕੁਝ ਲੇਖ ਦਰਜ ਹਨ। ਇਸ ਪੁਸਤਕ ਵਿਚ ਅੰਬੇਦਕਰੀ ਫ਼ਲਸਫ਼ੇ ਨੂੰ ਇੰਨੇ ਪ੍ਰਮਾਣਿਕ ਅਤੇ ਡੂੰਘੇ ਢੰਗ ਨਾਲ ਪੇਸ਼ ਕੀਤਾ ਗਿਆ ਹੈ ਕਿ ਸ਼ਾਇਦ ਹੀ ਕਿਧਰੇ ਹੋਰ ਮਿਲੇ। ਅਸਲੀ ਸੱਚ ਦਾ ਨਿਤਾਰਾ ਪੁਸਤਕ ਪੜ੍ਹਨ ਤੋਂ ਬਾਅਦ ਹੀ ਹੁੰਦਾ ਹੈ ਪਰ ਪਾਠਕਾਂ ਦੀ ਨਜ਼ਰ ਇਸੇ ਪੁਸਤਕ 'ਚੋਂ ਇਕ ਸ਼ੇਅਰ ਦਰਜ ਕਰ ਰਿਹਾ ਹਾਂ ਜਿਨ੍ਹਾਂ ਹੱਥਾਂ 'ਚ ਦੂਰਮਟ ਹੈ, ਜਿਨ੍ਹਾਂ ਹੱਥਾਂ 'ਚ ਕਹੀਆਂ ਨੇ।

ਜਿਨ੍ਹਾਂ ਹੱਥਾਂ 'ਚ ਹੱਥਕੜੀਆਂ, ਬਿਨਾਂ ਦੋਸ਼ਾਂ ਦੇ ਪਈਆਂ ਨੇ।
ਉਨ੍ਹੀਂ ਹੱਥੀਂ ਬਗਾਵਤ ਦਾ, ਧਵੱਜ ਲਹਿਰਾ ਕੇ ਦੇਖਾਂਗੇ।

ਇਹ ਪੁਸਤਕ ਪਾਠਕਾਂ 'ਤੇ ਪ੍ਰਭਾਵ ਜ਼ਰੂਰ ਛੱਡਦੀ ਹੈ। ਇਨ੍ਹਾਂ ਹੀ ਦਿਨਾਂ ਵਿਚ ਪੰਜਵੀਂ ਪੁਸਤਿਕਾ, ਮੈਂ ਆਪਣੇ ਸਾਥੀ ਚਾਨਣ ਚਾਹਲ ਨੂੰ ਸ਼ਰਧਾਂਜਲੀ ਭੇਂਟ ਕਰਨ ਅਤੇ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਨੂੰ ਪ੍ਰਚਾਰਿਤ ਕਰਨ ਲਈ ''ਬਹੁਗੁਣੀ ਸ਼ਖਸੀਅਤ: ਚਾਨਣ ਚਾਹਲ'' ਛਪਵਾ ਕੇ ਮੁਫ਼ਤ ਵੰਡੀ ਗਈ।

ਛੇਵੀਂ ਪੁਸਤਕ ਸਾਡੇ ਬਜ਼ੁਰਗ ਵਾਰ ਸ੍ਰੀ ਰਤਨ ਲਾਲ ਸਾਂਪਲਾ ਜੀ ਦੀ ਸ਼ਖਸੀਅਤ ਬਾਰੇ ਹੈ, ਜੋ ਅੰਬੇਦਕਰ ਮਿਸ਼ਨ ਨੂੰ ਸਮਰਪਿਤ- 'ਕੱਲਰ ਦਾ ਕੰਵਲ: ਰਤਨ ਲਾਲ ਸਾਂਪਲਾ' ਛਪਵਾਈ। ਜਿਸ ਵਿਚ ਉਹਨਾਂ ਦੀ ਸੰਖੇਪ ਜੀਵਨੀ ਅਤੇ ਕਾਰਗੁਜ਼ਾਰੀ ਦਾ ਵੇਰਵਾ ਹੈ। ਸੰਨ 2009 ਵਿਚ ਜਦੋਂ ਮੈਂ 'ਚਾਨਣ ਚਾਹਲ' ਦੇ ਅੰਤਿਮ ਸੰਸਕਾਰ ਉਪਰ ਯੂ. ਕੇ. ਗਿਆ ਤਾਂ ਉਹਨਾਂ ਦੀ ਧਰਮ ਪਤਨੀ ਸ੍ਰੀਮਤੀ ਨਿਰਮਲਾ ਚਾਹਲ ਨਾਲ 'ਚਾਹਲ' ਜੀ ਦੀਆਂ ਅਣ-ਪ੍ਰਕਾਸ਼ਿਤ ਲਿਖਤਾਂ ਛਾਪਣ ਦੀ ਯੋਜਨਾ ਬਣਾਈ ਗਈ। ਭਾਰਤ ਆ ਕੇ ਮੈਂ 'ਮਲਿੰਦ ਪ੍ਰਕਾਸ਼ਨ' ਵੱਲੋਂ ਉਹਨਾਂ ਦਾ ਰਚਿਤ ਸਾਹਿਤ 'ਚੱਨਣ ਚਾਹਲ ਰਾਈਟਿੰਗਸ ਐਂਡ ਸਪੀਚਿਸ' ਸਿਰਲੇਖ ਹੇਠ ਛਾਪਣਾ ਸ਼ੁਰੂ ਕਰ ਦਿੱਤਾ। ਹੁਣ ਤੱਕ ਉਹਨਾਂ ਦੀਆ ਦੋ ਪੁਸਤਕਾਂ 'ਡਾ. ਅੰਬੇਦਕਰ ਐਂਡ ਸੋਸ਼ਲ ਰਿਫਾਰਮ' ਅਤੇ 'ਕਾਸਟ ਦਾ ਕਰਸ ਆਫ ਇੰਡੀਆ' ਛਾਪੀਆਂ। ਇਹ ਸਿਲਸਿਲਾ ਅਜੇ ਜਾਰੀ ਹੈ।

ਮਲਿੰਦ ਪ੍ਰਕਾਸ਼ਨ ਦੀ ਨੌਵੀ ਪੁਸਤਕ 'ਸਾਡਾ ਪ੍ਰਣਾਮ' ਧਰਮ ਚੰਦ ਮਹੇ ਦੀ ਅੰਬੇਦਕਰਵਾਦੀ ਕਵਿਤਾ ਹੈ, ਜੋ 25 ਮਈ 2013 ਨੂੰ ਬੁੱਧ ਪੂਰਨਿਮਾ ਉਪਰ ਜਾਰੀ ਕੀਤੀ ਗਈ। ਇਸ ਪੁਸਤਕ ਵਿਚ ਜਿੱਥੇ ਸਰਲ ਭਾਸ਼ਾ ਵਿਚ ਅੰਬੇਦਕਰ ਅਤੇ ਬੁੱਧ ਦੇ ਸਿਧਾਂਤਾਂ ਦਾ ਵਰਣਨ ਹੈ, ਉਥੇ ਮਲਿੰਦ ਪ੍ਰਕਾਸ਼ਨ ਵੱਲੋਂ ਭਵਿੱਖ ਵਿਚ ਛਾਪੀਆਂ ਜਾਣ ਵਾਲੀਆਂ ਪੁਸਤਕਾਂ ਦਾ ਵੇਰਵਾ ਵੀ ਸ਼ਾਮਲ ਹੈ। ਮਲਿੰਦ ਪ੍ਰਕਾਸ਼ਨ ਭਾਵੇਂ ਛੋਟੀਆਂ-ਛੋਟੀਆਂ ਪਰ ਮਹੱਤਵਪੂਰਨ ਪੁਸਤਕਾਂ ਛਾਪ ਕੇ ਅੰਬੇਦਕਰ ਮਿਸ਼ਨ ਵਿਚ ਆਪਣਾ ਵਡਮੁੱਲਾ ਹਿੱਸਾ ਪਾ ਰਿਹਾ ਹੈ, ਇਹ ਸਿਰਫ ਅੰਬੇਦਕਰ ਦੇ ਪੈਰੋਕਾਰਾਂ, ਜਿਗਰੀ ਸਹਿਯੋਗੀਆਂ ਅਤੇ ਪਾਠਕਾਂ ਦੀ ਬਦੌਲਤ ਹੈ।

*-ਹਰਮੇਸ਼ ਜੱਸਲ, ਪ੍ਰਕਾਸ਼ਕ*
*ਮਲਿੰਦ ਪ੍ਰਕਾਸ਼ਨ, ਜਲੰਧਰ*

# ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਵੱਲੋਂ ਪਹਿਲਾ ਨਗਰ ਕੀਰਤਨ ਸੰਪੰਨ






























ਨਿਊਯਾਰਕ (ਬਿਓਰੋ) ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਵੱਲੋਂ ਪਹਿਲੀ ਵਾਰ ਸ੍ਰੀ ਗੁਰੂ ਰਵਿਦਾਸ ਜੈਯੰਤੀ ਦੇ ਸੰਦਰਭ ਵਿਚ ਬਰਾਡਵੇ ਦੇ ਪੰਦਰਾਂ ਬਲਾਕਾਂ ਵਿਚ ਨਗਰ ਕੀਰਤਨ ਆਯੋਜਿਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ’ਤੇ (24 ਫਰਵਰੀ) ਨਿਊਯਾਰਕ ਵਿਖੇ ਬੇਹੱਦ ਠੰਡ ਦਾ ਆਲਮ ਸੀ, ਜਿਸ ਕਰਕੇ ਗੁਰੂ ਘਰ ਦੇ ਪ੍ਰਬੰਧਕਾਂ ਨੇ ਸੁਹਾਵਣੇ ਮੌਸਮ ਦੀ ਇੰਤਜ਼ਾਰ ਵਿਚ ਇਸਨੂੰ ਕੁਝ ਮਹੀਨਿਆਂ ਲਈ ਅਗਾਂਹ ਪਾ ਦਿੱਤਾ ਸੀ ਤਾਂ ਜੋ ਨੌਜਵਾਨਾਂ ਅਤੇ ਛੋਟੇ ਬਾਲਾਂ ਦੀਆਂ ਛੁੱਟੀਆਂ ਦਾ ਫਾਇਦਾ ਵੀ ਲਿਆ ਜਾ ਸਕੇ। ਹੁਣ ਖੁੱਲ੍ਹੇ ਡੁੱਲ੍ਹੇ ਮੌਸਮ ਵਿਚ ਦੋ ਹਫ਼ਤੇ ਦੇ ਕਥਾ ਕੀਰਤਨ ਦੇ ਦੀਵਾਨ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਆਯੋਜਿਤ ਕਰਕੇ ਸ੍ਰੀ ਗੁਰੂ ਰਵਿਦਾਸ ਸਭਾ ਨੇ ਇਕ ਨਵਾਂ ਇਤਿਹਾਸ ਰਚ ਦਿੱਤਾ ਹੈ। ਸਭਾ ਦੇ ਪ੍ਰਧਾਨ ਸ. ਨਿਰਮਲ ਸਿੰਘ ਨੇ ਸਾਡੇ ਪੱਤਰਕਾਰ ਨੂੰ ਦੱਸਿਆ ਕਿ ਇਸ ਨਗਰ ਕੀਰਤਨ ਵਿਚ ਦੇਸ਼-ਵਿਦੇਸ਼ ਦੀਆਂ ਸਭਾ ਸੁਸਾਇਟੀਆਂ, ਗੁਰੂ ਘਰਾਂ ਤੇ ਮਹਾਨ ਹਸਤੀਆਂ ਨੇ ਸ਼ਿਰਕਤ ਕਰਕੇ ਕਈ ਨਵੇਂ ਕੀਰਤੀਮਾਨ ਸਥਾਪਤ ਕੀਤੇ ਹਨ। ਗੁਰੂ ਰਵਿਦਾਸ ਦੀ ਬਾਣੀ ਦੀ ਪਹਿਲੀ ਖੋਜਕਾਰ ਡਾ. ਕੁਲਵੰਤ ਕੌਰ, ਪਟਿਆਲੇ ਤੋਂ 108 ਸੰਤ ਮਹਿੰਦਰ ਪਾਲ ਪੰਡਵਾਂ ਵਾਲੇ ਉਚੇਚੇ ਤੌਰ ’ਤੇ ਇਸ ਨਗਰ ਕੀਰਤਨ ਦੀ ਅਗਵਾਈ ਕਰਨ ਲਈ ਪਹੁੰਚੇ। ਇਸੇ ਤਰ੍ਹਾਂ ਗਿਆਨੀ ਅਮਰੀਕ ਸਿੰਘ ਕਥਾਕਾਰ ਚੰਡੀਗੜ੍ਹ ਵਾਲੇ ਅਤੇ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਕੀਰਤਨੀਏ ਭਾਈ ਸਰਬਜੀਤ ਸਿੰਘ ਅਤੇ ਸਾਥੀ ਵੀ ਦੋ ਹਫ਼ਤੇ ਦੇ ਦੀਵਾਨਾਂ ਲਈ ਇੱਥੇ ਪੁੱਜੇ ਹੋਏ ਹਨ। ਸ਼ਸਤਰ ਬਸਤਰ ਪਹਿਨੀ ਪੰਜ ਪਿਆਰੇ ਇਸ ਵਿਸ਼ਾਲ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਸਨ, ਜਿਸ ਵਿਚ ਨਿਊਜਰਸੀ, ਕਨੈਕਟੀਕਟ, ਪੈਨਸਲਵਾਨੀਆ, ਫਿਲਾਡੈਲਫੀਆ, ਨਾਰਥ ਕੈਰੋਲੀਨਾ, ਡੀ. ਸੀ ਕੈਲੀਫੋਰ-ਨੀਆ, ਕੈਨੇਡਾ, ਇੰਡੀਆਨਾ ਤੇ ਪੰਜਾਬ ਤੋਂ ਹਜ਼ਾਰਾਂ ਸੰਗਤਾਂ ਪੁੱਜੀਆਂ ਹੋਈਆਂ ਸਨ। ਇਸ ਵਿਸ਼ੇਸ਼ ਪ੍ਰੋਗਰਾਮਾਂ ਵਿਚ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ, ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਸਿੱਖ ਕਲਚਰਲ ਸੁਸਾਇਟੀ, ਸ਼ਹੀਦ ਭਾਈ ਮਨੀ ਸਿੰਘ ਸੁਸਾਇਟੀ, ਸਿੱਖ ਸੈਂਟਰ ਫਲੱਸ਼ਿੰਗ, ਖ਼ਾਲਸਾ ਸਕੂਲ ਨਿਊਯਾਰਕ, ਸੰਤ ਸਾਗਰ ਤੇ ਗੁਰਦੁਆਰਾ ਬਾਬਾ ਮਾਝਾ ਸਿੰਘ, ਗੁਰਦੁਆਰਾ ਰਾਮਗੜ੍ਹੀਆ ਸਿੱਖ ਸੁਸਾਇਟੀ, ਭਾਈ ਲਾਲੋ ਸਿੱਖ ਸੁਸਾਇਟੀ, ਬਾਬਾ ਬੰਦ ਸਿੰਘ ਫਾਊਂਡੇਸ਼ਨ, ਸ਼ਹੀਦ ਕਰਤਾਰ ਸਿੰਘ ਸਰਾਭਾ ਸੁਸਾਇਟੀ, ਪੰਥਕ ਸਿੱਖ ਸੁਸਾਇਟੀ ਸੱਚਖੰਡ ਗੁਰੂ ਨਾਨਕ ਦਰਬਾਰ, ਬਾਬਾ ਬੁੱਢਾ ਜੀ ਸੁਸਾਇਟੀ, ਗੁਰਦੁਆਰਾ ਫਿਲੈਡਲਫੀਆ, ਗੁਰਦੁਆਰਾ ਦਸਮੇਸ਼ ਦਰਬਾਰ ਤੇ ਸਿੰਘ ਸਭਾ ਨਿਊਜਰਸੀ, ਗੁਰਦੁਆਰਾ ਬ੍ਰਿਜਵਾਟਰ ਨਿਊਜਰਸੀ, ਕਾਰਟਰੇਟ ਅਮੈਰਿਕਨ ਸਿੱਖ ਅਵੇਅਰਨੈਸ ਸੁਸਾਇਟੀ, ਭਗਵਾਨ ਬਾਲਮੀਕ ਸੁਸਾਇਟੀ ਅਤੇ ਬਾਬਾ ਬਾਲਕ ਨਾਥ ਮੰਦਰ ਦੇ ਮੁਖੀਆਂ ਅਤੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਇਸ ਪ੍ਰੋਗਰਾਮ ਦਾ ਗੈਟ ਚੈਨਲ ਤੋਂ ਸਿੱਧਾ ਪ੍ਰਸਾਰਣ ਕੀਤਾ ਗਿਆ। ਪੀ. ਟੀ. ਸੀ. ਪੰਜਾਬੀ, ਗਲੋਬਲ ਪੰਜਾਬ ਅਤੇ ਟੀ. ਵੀ. ਚੌਰਾਸੀ ਨੇ ਵੀ ਸਮਾਗਮ ਦੀ ਰਿਕਾਰਡਿੰਗ ਕੀਤੀ। ਸ਼ੇਰੇ ਪੰਜਾਬ, ਸ਼ਾਨ ਪੰਜਾਬ ਦੀ, ਹਮਦਰਦ, ਅਜੀਤ ਜਲੰਧਰ, ਜੱਗਬਾਣੀ, ਆਵਾਜ਼ ਪੰਜਾਬ ਦੀ, ਆਪਣਾ ਪੰਜਾਬ, ਪੰਜਾਬ ਐਕਸਪ੍ਰੈਸ, ਪੰਜਾਬ ਟਾਈਮਜ਼, ਸਾਡੇ ਲੋਕ, ਅੰਬੇਦਕਰ ਟਾਈਮਜ਼ ਅਤੇ ਮਹਿਕ ਵਤਨ ਆਦਿ ਅਖਬਾਰਾਂ ਵੱਲੋਂ ਇਸ ਨਗਰ ਕੀਰਤਨ ਦੀ ਕਵਰੇਜ਼ ਕੀਤੀ। ਇਸ ਨਗਰ ਕੀਰਤਨ ਦੀ ਸ਼ੋਭਾ ਵਧਾਉਣ ਲਈ ਨਿਊਯਾਰਕ ਸਿਟੀ ਕੌਂਸਲਮੈਨ ਲਿਓਰੀ ਕੋਮੈਰੀ, ਸਿਟੀ ਕੰਟਰੋਲਰ ਜੌਹਨ ਲੂ ਅਤੇ ਪੁਲਿਸ ਕੈਪਟਨ ਆਪਣੀ ਫੋਰਸ ਸਮੇਤ ਹਾਜ਼ਰ ਹੋਏ।

ਪ੍ਰਬੰਧਕਾਂ ਦੀ ਕਈ ਦਿਨਾਂ ਦੀ ਭੱਜ ਦੌੜ, ਬੇਆਰਾਮੀ ਅਤੇ ਥਕਾਵਟ ਉਦੋਂ ਖੁਸ਼ੀਆਂ ਖੇੜਿਆਂ ਵਿਚ ਬਦਲ ਗਈ ਜਦੋਂ ਸਮੇਂ ਤੋਂ ਵੀ ਪਹਿਲਾਂ ਸੰਗਤਾਂ ਦਾ ਠਾਠਾਂ ਮਾਰਦਾ ਹੜ੍ਹ ਇਸ ਨਗਰ ਕੀਰਤਨ ਵਿਚ ਸ਼ਾਮਲ ਹੋਣ ਲਈ ਪਹੁੰਚ ਗਿਆ। ਨਿਊਯਾਰਕ ਦੀ ਧਰਤੀ ਤੇ ਪਹਿਲਾਂ ਵੀ ਨਿਕਲਦੇ ਕਈ ਨਗਰ ਕੀਰਤਨਾਂ ਨੇ ਹਾਲੇ ਤੱਕ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਬਾਜ਼ਾਰ ਹੋਣ ਦੇ ਬਾਵਜੂਦ ਵੀ ਜੈਕਸ਼ਨ ਹਾਈਟਸ (74 ਸਟਰੀਟ) ਬੇ-ਏਰੀਆ ਨੂੰ ਸੱਖਣਾ ਰੱਖਿਆ ਹੋਇਆ ਸੀ ਪਰ ਜਦੋਂ ਇਹ 6 ਜੁਲਾਈ ਸ਼ਨੀਵਾਰ ਦਾ ਨਗਰ ਕੀਰਤਨ ਇੱਥੋਂ ਦੀ ਲੰਘਿਆ, ਉਦੋਂ ਜੈਕਸਨ ਹਾਈਟਸ ਵੁੱਡਸਾਈਡ ਇਲਾਕੇ ਦੀ ਬੇਬਲਤਾ ਦਾ ਅੰਦਾਜ਼ਾ ਉਹਨਾਂ ਦੀਆਂ ਅੱਖਾਂ ਵਿਚੋਂ ਆਏ ਹੋਏ ਸ਼ੁਕਰਾਨੇ ਦੇ ਅੱਥਰੂਆਂ ਤੋਂ ਪੜ੍ਹਿਆ ਜਾ ਸਕਦਾ ਸੀ। ਇਹ ਸਾਰਾ ਇਲਾਕਾ ਵੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰੇਮ ਵਿਚ ਭਿੱਜਿਆ ਬੇਗਮਪੂਰੇ ਦਾ ਪ੍ਰਤੱਖ ਨਜ਼ਾਰਾ ਸੀ। ਖਾਣ ਪੀਣ, ਜੂਸ, ਫਰੂਟ, ਛੋਲੇ ਪੂਰੀਆਂ, ਕੜ੍ਹੀ ਚੌਲ, ਪੀਜ਼ੇ, ਹਦਵਾਣੇ, ਖਰਬੂਜੇ ਆਦਿ ਦੇ ਅਨੇਕਾਂ ਸਟਾਲ ਲੱਗੇ ਹੋਏ ਸਨ।

ਇਹਨਾਂ ਵਿਚੋਂ ਲੋੜ ਅਨੁਸਾਰ ਛਕ ਕੇ ਸੰਗਤਾਂ ਝੱਟ ਨਗਰ ਕੀਰਤਨ ਵਿਚ ਪਹੁੰਚਦੀਆਂ ਸਨ, ਜਿਹਨਾਂ ਤੋਂ ਪ੍ਰਤੀਤ ਹੁੰਦਾ ਸੀ ਕਿ ਅੱਜ ਇਹਨਾਂ ਨੂੰ ਖਾਣ ਪੀਣ ਦੀ ਥਾਂ ਸੱਚੇ ਨਾਮ ਦੀ ਜ਼ਿਆਦਾ ਭੁੱਖ ਲੱਗੀ ਹੋਈ ਸੀ। ਪ੍ਰਬੰਧਕਾਂ ਵੱਲੋਂ ਵੀ ਆਈਆਂ ਭਾਵਨਾਵਾਂ ਦਾ ਖੂਬਸੂਰਤ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਗੁਰੂ ਸਾਹਿਬਾਨ ਦੀ ਪਵਿੱਤਰ ਬਾਣੀ ਬੇਗਮਪੁਰੇ, ਸਰਬ ਸਾਂਝੀਵਾਲ, ਏਕ ਪਿਤਾ ਦੇ ਸਿਧਾਂਤ, ਸਾਧ ਸੰਗਤ ਦੇ ਸਿਧਾਂਤ ਨੂੰ ਅਸੀਂ ਅੱਜ ਤੱਕ ਗੁਰੂ ਘਰਾਂ ਵਿਚ ਰੁਮਾਲਿਆਂ ਵਿਚ ਲਪੇਟ ਕੇ ਰੱਖਿਆ ਹੈ।

ਭਾਵੇਂ ਸਾਡਾ ਇਹ ਸਤਿਕਾਰ ਕਰਨਾ ਵੀ ਅਤਿਅੰਤ ਜ਼ਰੂਰੀ ਹੈ ਪਰ ਅੱਜ ਅਸੀਂ ਨਗਰ ਕੀਰਤਨ ਦੇ ਰੂਪ ਵਿਚ ਗੁਰੂ ਮਹਾਰਾਜ ਜੀ ਦੀ ਬਾਣੀ ਦੇ ਕੀਰਤਨ ਦਾ ਲੰਗਰ ਲਾ ਕੇ ਪਿਆਸੀਆਂ ਰੂਹਾਂ ਨੂੰ ਗੁਰੂ ਬਖਸ਼ਿਸ਼ ਦਾ ਭੋਜਨ ਵੰਡਿਆ ਹੈ। ਸੰਗਤਾਂ ਦਾ ਪਿਆਰ ਵੇਖ ਕੇ ਪ੍ਰਬੰਧਕਾਂ ਨੇ ਮਹਿਸੂਸ ਕੀਤਾ ਕਿ ਅਜਿਹਾ ਨਗਰ ਕੀਰਤਨ ਤਾਂ ਕਾਫੀ ਪਹਿਲੇ ਸਮੇਂ ਤੋਂ ਨਿਕਲਣਾ ਚਾਹੀਦਾ ਸੀ ਪਰ ਹੁਣ ਅਸੀਂ ਅੱਗੇ ਤੋਂ ਹੋਰ ਵੀ ਚੰਗੇ ਢੰਗ ਨਾਲ ਇਸ ਵਿਚ ਰਹੀਆਂ ਬੇਅੰਤ ਕਮੀਆਂ ਨੂੰ ਪੂਰਾ ਕਰਦਿਆਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਧੰਨ ਗੁਰੂ ਗ੍ਰੰਥ ਸਾਹਿਬ ਦੀ ਕ੍ਰਿਪਾ ਤੇ ਆਪ ਸੰਗਤ ਦੇ ਸਹਿਯੋਗ ਨਾਲ ਹਰ ਸਾਲ ਨਗਰ ਕੀਰਤਨ ਕੱਢਣ ਲਈ ਵਚਨਬੱਧ ਹਾਂ।

ਇਸ ਤਰ੍ਹਾਂ ਅਮਿੱਟ ਪੈੜਾਂ ਛੱਡਦਾ ਹੋਇਆ ਇਹ ਨਗਰ ਕੀਰਤਨ ਸਾਰੇ ਰੂਟ ਦੀ ਪਰਿਕਰਮਾ ਕਰਦਾ ਹੋਇਆ ਮੁੜ 61-01 ਬਰਾਡਵੇ ਗੁਰੂ ਘਰ ਵਿਖੇ ਸੰਪੰਨ ਹੋਇਆ। ਪੂਰੇ ਰਸਤੇ ਵਿਚ ਅਤੇ ਗੁਰੂ ਘਰ ਦੇ ਬਾਹਰ 61 ਸਟਰੀਟ ਜਿਹੜੀ ਪੁਲਿਸ ਵਿਚ ਪਰਮਾਨੈਂਟ ਨੇ ਪੂਰੀ ਬੰਦ ਕੀਤੀ ਹੋਈ ਸੀ, ਉਸ ਉਤੇ ਗੁਰੂ ਘਰ ਦੇ ਅਨਿਨ ਸੇਵਕਾਂ ਵੱਲੋਂ ਖਾਣ ਪੀਣ ਦੇ ਦਰਜਨਾਂ ਸਟਾਲ ਸੰਗਤ ਦੀ ਸੁਵਿਧਾ ਵਾਸਤੇ ਲਾਏ ਹੋਏ ਸਨ। ਜਿਸਦਾ ਸੰਗਤਾਂ ਵੱਲੋਂ ਪੂਰਾ ਆਨੰਦ ਮਾਣਿਆ ਗਿਆ।

ਸੰਗਤਾਂ-ਪ੍ਰਬੰਧਕਾਂ ਦੇ ਨੇਕ ਉਦਮ ਦੀ ਪ੍ਰਸੰਸਾ ਕਰਦਿਆਂ ਸਤਿਗੁਰੂ ਦਾ ਸ਼ੁਕਰਾਨਾ ਕਰਦੀਆਂ ਇਹੋ ਜਿਹੇ ਨਗਰ ਕੀਰਤਨ ਹਰ ਸਾਲ ਨਿਕਲਣ ਦੀ ਕਾਮਨਾ ਨਾਲ ਘਰਾਂ ਨੂੰ ਪਰਤੀਆਂ। ਸੰਗਤਾਂ ਤੋਂ ਮਿਲਦੇ ਭਰਵੇਂ ਸਹਿਯੋਗ ਦਾ ਪ੍ਰਬੰਧਕਾਂ ਵੱਲੋਂ ਦਿਲੋਂ ਧੰਨਵਾਦ ਕੀਤਾ ਗਿਆ। ਦੀਵਾਨਾਂ ਦੀ ਸਮਾਪਤੀ 14 ਜੁਲਾਈ ਦਿਨ ਐਤਵਾਰ ਨੂੰ ਹੋਈ ਹੈ, ਜੋ ਕਿ 1 ਜੁਲਾਈ ਤੋਂ ਚਲਦੇ ਆ ਰਹੇ ਹਨ। ਸੰਗਤਾਂ ਨੂੰ ਇਹਨਾਂ ਦੀਵਾਨਾਂ ਵਿਚ ਹੁੰਮ ਹੁੰਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

Toll Free **1-866-FOR-RAJA**
**www.rajasweets.com**
msbains@rajasweets.com

Follow us on:

# Raja™ SWEETS & CATERING®

**AUTHORIZED CATERER FOR MAJOR 5-STAR HOTELS**

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

## Fresh Sweets, Snacks & Food

**Catering for All occasions up to 10000 guests**

**Lunch - Dinner - Take Out - Banquets**

### Raja Sweets & Indian Cuisine

31853 Alvarado Blvd. Union City CA 94587
Ph. (510) 489-9100 Fax (510) 489-9111

### Raja Indian Cuisine & Bar

1275 W Winton Ave. Hayward CA 94545
Ph. (510) 264-9300 Fax (510) 264-9345



**Items Serving:**

- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**

- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**

- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party **1-866-FOR RAJA** **www.RajaSweets.com**

# INDIA MARKET

## ਸਾਡੀ ਨਵੀਂ ਲੁਕੇਸ਼ਨ ਜਲਦੀ ਹੀ ਖੁੱਲਣ ਜਾ ਰਹੀ ਹੈ



ਕਸ਼ਮੀਰ ਸਿੰਘ ਹੀਰਾ



ਗੁਰਪਾਲ ਬੰਗੜ




New location address
**1265 Pleasant Grove Blvd.**
**# 100 Roseville, California 95747**

We have the largest collection of indian, fijian and pakistani grocery, music, fabric, artificial jewelery and sweets.Fresh vegitable are available here. We do take EBT card.



WE ACCEPT
FOOD STAMPS
For more information
Call Us :
**916-338-5511**



# 5202 Elkhorn Blvd. Sacramento, CA 95842